ਪੀਲੂ ਦਾ ਜੀਵਨ ਤੇ ਰਚਨਾ

ਪੰਜਾਬੀ ਕਿੱਸਾ-ਕਾਵਿ ਦਾ ਅਰੰਭ ਹੀਰ ਦਮੋਦਰ ਨਾਲ ਹੁੰਦਾ ਹੈ। ਮਿਰਜ਼ਾ ਸਾਹਿਬਾਂ ਦਾ ਸਭ ਤੋਂ ਪਹਿਲਾ ਕਿੱਸਾ ਲਿਖਣ ਦਾ ਮਾਣ ਪੀਲੂ ਨੂੰ ਪ੍ਰਾਪਤ ਹੈ। ਇਹ ਪਹਿਲਾ ਕਿੱਸਾ ਹੈ, ਜਿਸ ਦਾ ਅੰਤ ਦੁਖਾਂਤ ਵਿੱਚ ਹੁੰਦਾ ਹੈ। ਇੰਜ ਪੰਜਾਬੀ ਵਿੱਚ ਪਹਿਲੀ ਤਰਾਸਦੀ (Tragedy) ਦਾ ਰਚਨਹਾਰਾ ਵੀ ਪੀਲੂ ਹੀ ਹੈ। ਪੀਲੂ ਦੇ ਜੀਵਨ ਤੇ ਰਚਨਾ ਬਾਰੇ ਵੱਖ-ਵੱਖ ਵਿਦਵਾਨਾਂ ਵਿੱਚ ਮਤਭੇਦ ਹਨ। ਬਾਵਾ ਬੁੱਧ ਸਿੰਘ ਅਨੁਸਾਰ, ਇੱਕ ਪੀਲੂ ਭਗਤ ਸ੍ਰੀ ਗੁਰੂ ਅਰਜਨ ਦੇਵ ਵੇਲੇ ਹੋਏ ਪਰ ਉਹ ਹਿੰਦੂ ਸਨ[1]। ਇਸ ਤੋਂ ਵੱਧ ਉਨ੍ਹਾਂ ਕੋਈ ਜਾਣਕਾਰੀ ਨਹੀਂ ਦਿੱਤੀ। ਡਾ. ਮੋਹਨ ਸਿੰਘ ਪੀਲੂ ਦਾ ਜਨਮ-ਸਥਾਨ ਅੰਮ੍ਰਿਤਸਰ ਦੇ ਨਜ਼ਦੀਕ ਅਟਾਰੀ ਕੋਲ ਦੱਸਦਾ ਹੈ ਤੇ ਲਿਖਦਾ ਹੈ ਕਿ ਇੱਥੇ ਪੀਲੂ ਦਾ ਖੂਹ ਦੱਸਦਾ ਹੈ[2]। ਉਹ ਪੀਲੂ ਦੋ ਮੰਨਦਾ ਹੈ : ਇੱਕ ਭਗਤ ਪੀਲੂ ਜਿਸ ਨੇ ਸ਼ਬਦ ਸ਼ਲੋਕ ਲਿਖੇ, ਦੂਜਾ ਕਿੱਸਾਕਾਰ। ਮੁਨਸ਼ੀ ਮੌਲਾ ਬਖ਼ਸ਼ ਕੁਸ਼ਤਾ ਦੀ ਧਾਰਨਾ ਹੈ ਕਿ ਪੀਲੂ ਮੁਸਲਮਾਨ ਜੱਟ ਸੀ। ਉਹ ਪਿੰਡ ਵੈਰੋਵਾਲ, ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਦਾ ਵਸਨੀਕ ਸੀ ਅਤੇ ਉਹ ਜਹਾਂਗੀਰ ਤੇ ਸ਼ਾਹ ਜਹਾਨ ਬਾਦਸ਼ਾਹ ਦੇ ਸਮੇਂ ਹੋਇਆ। ਜਦ ਜਵਾਨ ਹੋਏ ਤਾਂ ਫਕੀਰੀ ਬਾਣਾ ਪਹਿਨ ਕੇ ਬਾਰ ਵੱਲ ਚਲੇ ਗਏ। ਉਨ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੀ ਦਰਸ਼ਨ ਕੀਤੇ[3]।

ਪ੍ਰੋ. ਗੁਰਚਰਨ ਸਿੰਘ ਪੀਲੂ ਭਗਤ ਨੂੰ ਹੀ 'ਮਿਰਜ਼ਾ ਸਾਹਿਬਾਂ' ਦੇ ਕਿੱਸੇ ਦਾ ਲੇਖਕ ਮੰਨਦਾ ਹੈ। ਉਸ ਦਾ ਕਥਨ ਹੈ, "ਗੁਰੂ ਅਰਜਨ ਦੇਵ ਜੀ ਦੇ ਵੇਲੇ ਇੱਕ ਪੀਲੂ ਭਗਤ ਦਾ ਜ਼ਿਕਰ ਆਉਂਦਾ ਹੈ। ਪੀਲੂ ਹੋਰ ਧਾਰਮਿਕ ਵਿਅਕਤੀਆਂ ਨਾਲ ਆਪਣੀ ਰਚਨਾ ਲੈ ਕੇ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿੱਚ ਹਾਜ਼ਰ ਹੋਇਆ, ਪਰ ਉਸ ਦੀ ਰਚਨਾ ਗੁਰਮਤ ਦੇ ਆਸ਼ੇ ਦੇ ਅਨੁਕੂਲ ਨਾ ਹੋਣ ਕਰਕੇ ਤੇ ਢਹਿੰਦੀਆਂ ਕਲਾ ਦੀ ਰਚਨਾ ਹੋਣ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿੱਚ ਨਾ ਚੜ੍ਹ ਸਕੀ। ਕੀ ਮਿਰਜ਼ਾ ਸਾਹਿਬਾਂ ਦਾ ਕਰਤਾ ਪੀਲੂ ਭਗਤ ਸੀ, ਅਜਿਹਾ ਸੰਭਵ ਜਾਪਦਾ ਵੀ ਹੈ"[4]। ਮੈਕਾਲਿਫ਼ ਵੀ ਲਿਖਦਾ ਹੈ ਕਿ ਪੀਲੂ, ਕਾਹਨਾ, ਸ਼ਾਹ ਹੁਸੈਨ ਤੇ ਛਜੂ ਗੁਰੂ ਅਰਜਨ ਦੇਵ ਪਾਸ ਆਪਣੀਆਂ ਰਚਨਾਵਾਂ ਲੈ ਕੇ ਆਏ, ਪਰ ਗੁਰੂ ਜੀ ਨੇ ਇਨ੍ਹਾਂ ਚਾਰਾਂ ਦੀ ਰਚਨਾ ਆਦਿ ਗ੍ਰੰਥ ਵਿੱਚ ਸ਼ਾਮਿਲ ਨਾ ਕੀਤੀ। ਗੁਰੂ ਜੀ ਨੂੰ ਪੀਲੂ ਦੀ ਕਵਿਤਾ ਵਿੱਚ ਨਿਰਾਸ਼ਾਵਾਦ ਦੀ ਝਲਕ ਦਿਖਾਈ ਦਿੱਤੀ[5]। ਕਿਹਾ ਜਾਂਦਾ ਹੈ, ਕਿ ਪੀਲੂ ਨੇ ਉਸ ਸਮੇਂ ਹੇਠ ਲਿਖਿਆ ਸ਼ਲੋਕ ਸੁਣਾਇਆ :-

ਪੀਲੂ ਅਸਾਂ ਨਾਲੋਂ ਸੇ ਭਲੇ, ਜੋ ਜੰਮਦਿਆਂ ਮਰ ਗਏ।
ਉਹਨਾਂ ਚਿਕੜ ਪਾਉਂ ਨਾ ਬੋੜਿਆ, ਨਾ ਆਲੂਦ ਭਏ।

ਅਬਦੁੱਲ ਗ਼ਫ਼ੂਰ ਕਰੈਸ਼ੀ ਨੇ ਆਪਣੀ ਪਹਿਲੀ ਪੁਸਤਕ 'ਪੰਜਾਬੀ ਜ਼ਬਾਨ ਦਾ ਅਦਬ ਤੇ ਤਾਰੀਖ਼' ਵਿੱਚ ਪੀਲੂ ਬਾਰੇ ਲਿਖਿਆ ਹੈ ਕਿ ਪੀਲੂ ਮਾਝੇ ਦਾ ਮੁਸਲਮਾਨ ਜੱਟ ਸੀ, ਜੋ ਗੁਰੂ ਅਰਜਨ ਦੇਵ (1563-1606) ਦਾ ਸਮਕਾਲੀ ਸੀ[6]। ਸਾਹਿਤ ਇਤਿਹਾਸ ਸੰਬੰਧੀ ਲਿਖੀ ਆਪਣੀ ਦੂਜੀ ਪੁਸਤਕ 'ਪੰਜਾਬੀ ਅਦਬ ਦੀ ਕਹਾਣੀ' ਵਿੱਚ ਉਹ ਲਿਖਦੇ ਹਨ

"ਕਵੀ ਪੀਲੂ ਕੌਮ ਦੇ ਸੰਧੂ ਜੱਟ ਸਨ। ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਤਰਨਤਾਰਨ ਦੇ ਇੱਕ ਪਿੰਡ ਵਿੱਚ 1580 ਈ: ਦੇ ਨਜ਼ਦੀਕ ਪੈਦਾ ਹੋਏ। ਤਕਰੀਬਨ 95 ਸਾਲ ਦੀ ਉਮਰ ਵਿਚ 1675 ਈ: ਨੂੰ ਚਕਵਾਲ ਦੇ ਇੱਕ ਪਿੰਡ 'ਮਿਹਰੂ ਪੀਲੂ' ਵਿੱਚ ਸਵਰਗਵਾਸ ਹੋਏ[7]। ਪਾਕਿਸਤਾਨ ਦੇ ਮਸ਼ਹੂਰ ਲੇਖਕ ਤੇ ਆਲੋਚਕ ਡਾ: ਫਕੀਰ ਮੁਹੰਮਦ ਫਕੀਰ ਨੇ ਪੀਲੂ ਨੂੰ ਪਿੰਡ ਠੱਟੀ-ਬਲੋਚ ਦਾ ਵਾਸੀ ਮੰਨਿਆ ਹੈ, ਜੋ ਜ਼ਿਲ੍ਹਾ ਗੁਜਰਾਂਵਾਲਾ ਦੀ ਤਹਿਸੀਲ ਵਜ਼ੀਰਾਬਾਦ ਵਿੱਚ ਸਥਿਤ ਹੈ[8]। ਡਾ: ਵਿਸ਼ਵਾਨਾਥ ਤਿਵਾੜੀ ਨੇ ਆਪਣੇ ਸ਼ੋਧ-ਪ੍ਰਬੰਧ ਵਿੱਚ ਪੀਲੂ ਦਾ ਜਨਮ ਸਥਾਨ ਵੈਰੋਵਾਲ, ਜ਼ਿਲ੍ਹਾ ਅੰਮ੍ਰਿਤਸਰ ਲਿਖਿਆ ਹੈ[9]।

ਡਾ: ਪਰਮਿੰਦਰ ਸਿੰਘ ਤੇ ਕ੍ਰਿਪਾਲ ਸਿੰਘ ਕਸੇਲ ਅਨੁਸਾਰ ਪੀਲੂ ਭਗਤ ਤੇ ਪੀਲੂ ਕਿੱਸਾਕਾਰ ਵਿਭਿੰਨ ਵਿਅਕਤੀ ਹਨ[10]। ਪਰ ਉਨ੍ਹਾਂ ਨੇ ਇਨ੍ਹਾਂ ਬਾਰੇ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ। ਡਾ. ਸੁਰਿੰਦਰ ਸਿੰਘ ਕੋਹਲੀ ਵੀ ਪੀਲੂ ਬਾਰੇ ਸਪੱਸ਼ਟ ਨਹੀਂ। ਉਹ ਲਿਖਦਾ ਹੈ "ਇਕ ਪੀਲੂ ਭਗਤ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਏ ਹਨ। ਹੋ ਸਕਦਾ ਹੈ ਇਹ ਉਹ ਹੀ ਹੋਣ ਤੇ ਇਨ੍ਹਾਂ ਬਹੁਤ ਸਾਰੀ ਕਵਿਤਾ ਰਚੀ ਹੋਵੇ ਤੇ ਇਹ ਹੁਣ ਗੁੰਮ ਹੋ ਗਈ ਹੋਵੇ[11]।"

ਕਿੱਸਾ ਮਿਰਜ਼ਾ ਸਾਹਿਬਾਂ ਤੋਂ ਇਲਾਵਾ ਪੀਲੂ ਦੀ ਕੋਈ ਹੋਰ ਰਚਨਾ ਉਪਲਬੱਧ ਨਹੀਂ, ਜਿਸ ਤੋਂ ਉਸ ਦੇ ਜੀਵਨ ਬਾਰੇ ਜਾਣਕਾਰੀ ਮਿਲ ਸਕੇ। ਕਿੱਸਾ ਮਿਰਜ਼ਾ ਸਾਹਿਬਾਂ ਵੀ ਅਧੂਰਾ ਹੈ, ਜਿਸ ਨੂੰ ਸਰ ਰਿਚਰਡ ਟੈਂਪਲ ਨੇ ਕਿਸੇ ਭੱਟ ਕੋਲੋਂ ਸੁਣ ਕੇ ਲਿਖਿਆ। ਪੀਲੂ ਦੇ ਨਾਂ 'ਤੇ ਕੁਝ ਰਚਨਾ 'ਸ਼ਬਦ ਸ਼ਲੋਕ (ਭਗਤਾਂ ਕੇ)' ਵਿੱਚ ਉਪਲਬੱਧ ਹੈ। ਇਹ ਪੁਸਤਕ ਕਿਸੇ ਅਗਿਆਤ ਵਿਅਕਤੀ ਨੇ ਤਿਆਰ ਕੀਤੀ ਲੱਗਦੀ ਹੈ, ਜੋ ਭਾਸ਼ਾ ਵਿਭਾਗ ਪੰਜਾਬ ਨੇੜੇ 1969 ਵਿੱਚ ਛਪੀ ਹੈ। ਇਸ ਤੋਂ ਪਹਿਲਾਂ ਇਸ ਨੂੰ ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਲਾਹੌਰ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਪੁਸਤਕ ਵਿੱਚ ਪੀਲੂ ਦੇ ਨਾਂ 'ਤੇ ਮਿਲ਼ਦੀ ਰਚਨਾ ਇਸ ਪ੍ਰਕਾਰ ਹੈ[12] :

ੴ ਸਤਿਗੁਰ ਪ੍ਰਸਾਦਿ॥
ਸਲੋਕ।
ਕਲਜੁਗ ਪਹਰਾ ਆਇਆ ਸਭ ਭਲ ਲਗੀ ਭਾਹ॥
ਕੂੜ ਤੁਲੇ ਪੰਜ ਸੇਰੀਏ ਸਚੁ ਮਾਸਾ ਇਕ ਕਵਾਉ॥
ਨੇਕੀਆਂ ਲਭਨ ਭਾਲੀਆਂ ਬਦੀਆਂ ਦੇ ਦਰਿਯਾਉ॥
ਪੀਲੂ ਤੇਰਾ ਮੰਗਤਾ ਤੂ ਸਾਹਿਬੁ ਗੁਨੀਆਉ॥ 1॥
ਉਹੁ ਜੋ ਦਿਸਨ ਟਾਲੀਆਂ ਸਾਵੇ ਪੱਤ ਕਚੂਰ॥
ਬਹਿ ਬਹਿ ਗਈਆਂ ਮਜਲਸਾਂ ਰਾਣੇ ਰਾਉ ਮਲੂਕ॥
ਜੋਗੀ ਆਸਣਿ ਛੋਡਿਆ ਪਿਛੇ ਰਹੀ ਬਿਭੂਤਿ॥
ਪੀਲੂ ਚਾਰੇ ਕੁੰਡਾ ਪੈ ਰਹੀ ਮਉਤ ਨਿਮਾਨੀ ਦੀ ਕੂਕ॥ 2॥

ਪੀਲੂ ਪੁਛਦਾ ਟਿਕਰੀ ਤੇਰਾ ਕਉਣ ਮਕਾਨ॥
ਕਿਥੇ ਹਾਥੀ ਘੋੜਿਆਂ ਕਿੱਥੇ ਲਾਲੂ ਨਿਸ਼ਾਨ॥
ਕਿਥੇ ਮਟ ਸਰਾਬ ਦੇ ਕਿਥੇ ਨੀਲੂ ਦੁਕਾਨ॥
ਨਾਰੀ ਅਤੇ ਗਭਰੀ ਕਬਰਾਂ ਵਿਚਿ ਇਸਥਾਨੁ॥

ਪੀਲੂ ਪੁਛਦਾ ਟਿਕਰੀ ਕਿਤ ਵਲਿ ਗਾਇਆ ਜਹਾਨ॥ 3॥

ਇਹਿ ਮਿਟੀ ਦਾ ਪੁਤਲਾ ਖੋਟ ਵੇ ਲੋਕਾ ਖੋਟ॥
ਸਭ ਕਿਸੇ ਦੇ ਸਿਰਿ ਫੁਰਕਦਾ ਜਮ ਰਾਜੇ ਦਾ ਸੋਟੁ॥ 4॥

ਮਉਤੇ ਕੋਲੋਂ ਭੰਨਿਆ ਵੜੀਏ ਕੇਹੜੇ ਕੋਟੁ॥
ਸਉਦਾਗਰਾਂ ਪਟਵਾਰੀਆਂ ਦਿਤੇ ਬਾਝ ਨ ਛੋਟੁ॥
ਪੀਲੂ ਅਜ ਕਿ ਕਲ੍ਹ ਢਹੇਸੀਆ ਕਿੰਗਰੀਆਲਾ ਕੋਟਿ॥ 5॥

ਪੀਲੂ ਧਰਤਿ ਚਉਪੜਿ ਜਗਿ ਸਾਰੀਆ ਪਾਸਾ ਢੁਲੇ ਹਮੇਸੁ॥
ਬੰਦਾ ਕਰੇ ਤਕੱਬਰੀ ਮਉਤ ਨ ਚਲਨਿ ਦੇਸ॥
ਅਜਰਾਈਲ ਫਰੇਸ਼ਤਾ ਬਾਜਾਂ ਵਾਂਗ ਤਕੇਸ॥
ਸੁਇਨਾਂ ਰੁਪਾ ਸਾਲੁ ਧਨੁ ਘੜੀ ਫਨਾਹ ਕਰੇਸੁ॥
ਪੀਲੂ ਤਬ ਜਾਣੇਗੀ ਮਛਲੀ ਭੋਲੀ ਜਾਂ ਮਾਛੀ ਜਾਲ ਪਏਸੁ॥6॥

ਪੀਲੂ ਕਿਆ ਹੋਇਆ ਅਕੁ ਫੁਲਿਆ ਨ ਉਸ ਮੁਸਕ ਨ ਬਾਸੁ॥
ਭੱਠ ਮੂਰਖ ਦੀ ਦੋਸਤੀ ਜੋ ਸੁਘੜ ਬੇਅਖਲਾਸੁ॥
ਸੁਘੜ ਮਾਰੇ ਸਮਝਿ ਕਰਿ ਮਨ ਵਿਚਿ ਰਖਿ ਤਪਾਸੁ॥
ਮੂਰਖ ਕੰਮ ਨ ਆਂਵਦਾ ਜਿਵ ਹਸਤਿ ਮੁਏ ਦਾ ਮਾਸ॥
ਹਸਤਿ ਮੁਏ ਕੰਮ ਆਂਵਦੇ ਜੋ ਦੰਦੁ ਖਿਚ ਸੁ ਭੰਨਿ॥
ਪੀਲੂ ਸੁਖ ਨ ਬਿਅਕਲ ਦਾ ਜੋ ਡਿਠੇ ਬਾਝ ਨ ਮੰਨਿ॥ 7॥

ਪੀਲੂ ਅਸਾਂ ਥੋ ਉਹ ਭਲੇ ਜੋ ਜੀਵਦਿਆਂ ਮੁਏ॥
ਉਨ੍ਹਾਂ ਚਿਕੜ ਪਾਉ ਨ ਬੋੜਿਆ ਨ ਅਲੂਦ ਰਲੇ॥
ਵੰਞਿ ਵੜੇ ਦਰਵਾਜਿਓਂ ਤਾਂ ਦਰਬਾਨੁ ਭਲੇ॥
ਚੋਰਾਂ ਪਉਸਨਿ ਮਾਮਲੇ ਉਹੁ ਦੇਖਨਿ ਕੋਲਿ ਖਲੇ॥ 8॥

2) ਅਬਦੁੱਲ ਗ਼ਫ਼ੂਰ ਕਰੈਸ਼ੀ ਨੇ ਹੇਠ ਲਿਖੀਆਂ ਛੇ ਕਲੀਆਂ (ਤੁਕਾਂ) ਪੀਲੂ ਦੀ ਰਚਨਾ ਦੱਸੀਆਂ ਹਨ[13]। ਇਹ ਕਿਸੇ ਲੋਕ-ਗੀਤ ਦਾ ਟੁਕੜਾ ਹੀ ਜਾਪਦਾ ਹੈ!

ਹੁਜਰੇ ਸ਼ਾਹ ਮੁਕੀਮ ਦੇ, ਇਕ ਜੱਟੀ ਵੈਣ ਕਰੇ।
ਮੈਂ ਬੱਕਰਾ ਦੇਨੀ ਆਂ ਪੀਰ ਦਾ, ਮੇਰੇ ਸਿਰ ਦਾ ਕੰਤ ਮਰੇ।
ਪੰਜ ਸਤ ਮਰਨ ਗੁਆਂਢਣਾਂ, ਰਹਿੰਦੀਆਂ ਨੂੰ ਤਾਪ ਚੜ੍ਹੇ।
ਹੱਟ ਢਹੇ ਕਿਰਾੜ ਦੀ, ਜਿੱਥੇ ਦੀਵਾ ਨਿੱਤ ਬਲੇ।
ਕੁੱਤੀ ਮਰੇ ਫ਼ਕੀਰ ਦੀ, ਜਿਹੜੀ ਚਊਂ ਚਊਂ ਨਿੱਤ ਕਰੇ।
ਗਲੀਆਂ ਹੋਵਣ ਸੁੰਞੀਆਂ, ਵਿਚ ਮਿਰਜ਼ਾ ਯਾਰ ਫਿਰੇ।

ਉਪਰੋਕਤ ਪਾਠ ਤੋਂ ਸਪੱਸ਼ਟ ਹੁੰਦਾ ਹੈ ਕਿ ਪੀਲੂ ਦੀ ਰਚਨਾ ਨਿਰਾਸ਼ਾਵਾਦੀ ਤੇ ਭਾਂਜਵਾਦੀ ਹੈ। ਇਹ ਰਚਨਾ ਉਸ ਦੀ ਪਿਛਲੇਰੀ ਉਮਰ ਦੀ ਲੱਗਦੀ ਹੈ। ਇਹ ਰਚਨਾ 'ਮਿਰਜ਼ਾ ਸਾਹਿਬਾਂ' ਦੇ ਕਿੱਸੇ ਨਾਲ ਵੀ ਮੇਲ ਖਾਂਦੀ ਹੈ। ਇਸ ਲਈ ਪੀਲੂ ਭਗਤ ਤੇ ਪੀਲੂ ਕਿੱਸਾਕਾਰ ਇੱਕ ਹੀ ਵਿਅਕਤੀ ਹੈ। ਹਾਫ਼ਿਜ਼ ਬਰਖ਼ੁਰਦਾਰ ਅਨੁਸਾਰ ਪੀਲੂ ਨੂੰ ਪੰਜ ਪੀਰਾਂ ਦੀ ਥਾਪਨਾ ਸੀ। ਅਹਿਮਦਬਾਰ ਨੇ ਆਪਣੇ ਤੋਂ ਪਹਿਲਾਂ ਹੋ ਚੁੱਕੇ ਕਵੀਆਂ ਮੁਕਬਲ, ਵਾਰਿਸ ਸ਼ਾਹ, ਹਾਮਦ, ਹਾਫ਼ਿਜ਼ ਬਰਖ਼ੁਰਦਾਰ, ਹਾਸ਼ਮ ਆਦਿ ਮੁਸਲਮਾਨ ਕਵੀਆਂ ਦੇ ਨਾਲ ਪੀਲੂ ਦੀ ਤਾਰੀਫ ਵੀ ਕੀਤੀ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਪੀਲੂ ਮੁਸਲਮਾਨ ਧਰਮ ਨਾਲ ਸੰਬੰਧਿਤ ਸੀ। ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਮੌਲਾ ਬਖਸ਼ ਕੁਸ਼ਤਾ ਵੀ ਪੀਲੂ ਨੂੰ ਮੁਸਲਮਾਨ ਜੱਟ ਕਹਿੰਦਾ ਹੈ। ਕੁਸ਼ਤਾ ਅਨੁਸਾਰ :

ਆਪ ਫ਼ਕੀਰਾਨਾ ਤਬੀਅਤ ਦੇ ਮਾਲਕ ਸਨ। ਜਦ ਜ਼ਰਾ ਜਵਾਨ ਹੋਏ ਤਾਂ ਸੈਰ ਦੇ ਸ਼ੌਕ ਕਾਰਨ ਘਰ ਤੋਂ ਨਿਕਲੇ, ਗੁਰੂ ਅਰਜਨ ਦੇਵ ਜੀ ਦੇ ਦੀਦਾਰ ਕਰਨ ਅਤੇ ਸੂਫ਼ੀਆਨਾ ਕਲਾਮ ਸੁਣਨ ਪਿੱਛੋਂ ਆਪ ਫ਼ਕੀਰਾਨਾ ਭੇਸ ਵਿਚ ਇਲਾਕਾ ਬਾਰ ਵਲ ਚਲੇ ਗਏ, ਜੋ ਮਿੰਟ ਗੁੰਮਰੀ ਤੋਂ ਚਾਲੀ ਕੋਹ ਦੀ ਵਿਥ 'ਤੇ ਹੈ ਤੇ ਇਸ ਤਰ੍ਹਾਂ ਮਿਰਜ਼ਾ ਸਾਹਿਬਾਂ ਚਰਚਾ ਸੁਣਿਆ, ਕਵਿਤਾ ਵਿਚ ਲਿਖ ਦਿੱਤਾ। ਬੋਲੀ ਵਿੱਚ ਅਸਰ ਤੇ ਬਿਆਨ ਵਿੱਚ ਸੋਜ਼ ਸੀ। ਇਸ ਲਈ ਕਿੱਸੇ ਨੇ ਛੇਤੀ ਸ਼ੁਹਰਤ ਹਾਸਲ ਕਰ ਲਈ। ਇਸ ਤੋਂ ਪਿੱਛੋਂ ਸਾਂਦਲ ਬਾਰ ਵਲ ਚਲੇ ਗਏ ਤੇ ਉਧਰ ਹੀ ਕਾਲ ਵਸ ਹੋ ਗਏ[14]।

ਇੰਜ ਅਸੀਂ ਇਸ ਨਿਰਨੇ 'ਤੇ ਪਹੁੰਚਦੇ ਹਾਂ, ਕਿ ਪੀਲੂ ਭਗਤ ਤੇ ਪੀਲੂ ਕਿੱਸਾਕਾਰ ਇੱਕ ਹੀ ਵਿਅਕਤੀ ਸਨ। ਉਸ ਦਾ ਜਨਮ ਮਾਝੇ ਵਿਚ ਕਿਸੇ ਥਾਂ 'ਤੇ ਹੋਇਆ। ਉਹ ਘੁੰਮਦਾ-ਘੁੰਮਾਉਂਦਾ ਵਜ਼ੀਰਾਬਾਦ, ਠੱਠੀ ਬਲੋਚਾਂ ਆਦਿ ਗਿਆ। ਕਿੱਸਾ 'ਮਿਰਜ਼ਾ ਸਾਹਿਬਾਂ' ਉਸ ਨੇ ਜਵਾਨੀ ਵਿੱਚ ਲਿਖਿਆ ਤੇ ਪਿੱਛੋਂ ਫ਼ਕੀਰੀ ਧਾਰਨ ਕਰ ਲਈ ਤੇ ਹੋਰ ਕਿੱਸਾ ਨਾ ਲਿਖ ਸਕਿਆ।

ਹਵਾਲੇ ਤੇ ਟਿੱਪਣੀਆਂ

1. 'ਪ੍ਰੇਮ ਕਹਾਣੀ' ਪੰਨਾ 165

2. 'ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ', ਪੰਨਾ 124

3. 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਪੰਨਾ 68

4. 'ਪੰਜਾਬੀ ਸਾਹਿਤ ਦਾ ਇਤਿਹਾਸ (ਮੱਧਕਾਲ)', ਪੰਨਾ 48

5. Max Arthur Macauliffee 'The Sikh religion', Vol. III, PP. 62-63.

6. ਉਧਰਿਤ, 'ਮਿਰਜ਼ਾ ਸਾਹਿਬਾਂ ਕ੍ਰਿਤ ਪੀਲੂ', (ਸੰਪ. ਪਿਆਰ ਸਿੰਘ, ਐਮ. ਐਸ. ਅੰਮ੍ਰਿਤ), ਪੰਨਾ 24

7. ਉਹੀ

8. ਉਹੀ

9. Treatment of One of the Punjab Romances, Mirza Sahiban in Punjabi Verse', P. 20.
10. 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ', ਪੰਨਾ 279
11. 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ', ਪੰਨਾ 279
11. 'ਪੰਜਾਬੀ ਸਾਹਿਤ ਦਾ ਇਤਿਹਾਸ', ਪੰਨਾ 297
12. 'ਸ਼ਬਦ ਸਲੋਕ (ਭਗਤਾਂ ਕੇ), ਭਾਸ਼ਾ ਵਿਭਾਗ ਪੰਜਾਬ, ਪੰਨਾ 250
13. 'ਪੰਜਾਬੀ ਜ਼ਬਾਨ ਦਾ ਅਦਬ ਤੇ ਤਾਰੀਖ', ਪੰਨਾ 320
14. 'ਪੰਜਾਬ ਦੇ ਹੀਰੇ', ਪੰਨਾ 38

****

ਮਿਰਜ਼ਾ ਸਾਹਿਬਾਂ ਦੀ ਗਾਥਾ

ਪੀਲੂ ਅਨੁਸਾਰ ਸਾਹਿਬਾਂ ਦਾ ਜਨਮ ਖੀਵੇ ਖ਼ਾਨ ਦੇ ਘਰ ਮੰਗਲਵਾਰ ਨੂੰ ਹੋਇਆ। ਡੂੰਮਾਂ ਨੇ ਸੋਹਲੇ ਗਾਏ ਅਤੇ ਪਰਵਾਰ ਨੇ ਰੱਜ ਕੇ ਦੁਆਵਾਂ ਦਿੱਤੀਆਂ। ਓਧਰ ਮਿਰਜ਼ਾ ਦਾਨਾਬਾਦ ਵਿੱਚ ਵੰਝਲ ਦੇ ਘਰ ਕਰੜੇਵਾਰ ਜੰਮਿਆ। ਕਰਤਾਰ ਨੇ ਉਸ ਨੂੰ ਸੁੰਦਰ ਰੂਪ ਦਿੱਤਾ। ਜਦ ਉਹ ਵੱਡਾ ਹੋਇਆ ਤਾਂ ਉਸ ਨੂੰ ਆਪਣੇ ਮਾਮਾ ਖੀਵੇ ਖ਼ਾਨ ਪਾਸ ਭੇਜ ਦਿੱਤਾ ਗਿਆ। ਮਿਰਜ਼ਾ ਤੇ ਸਾਹਿਬਾਂ ਦੋਵਾਂ ਨੂੰ ਮਸੀਤੇ ਪੜ੍ਹਨੇ ਪਾਇਆ ਗਿਆ। ਮਸੀਤ ਵਿੱਚ ਦੋਵਾਂ ਦਾ ਪ੍ਰੇਮ ਹੋ ਗਿਆ ਤੇ ਸਾਰੇ ਜਹਾਨ ਵਿੱਚ ਉਨ੍ਹਾਂ ਦੇ ਇਸ਼ਕ ਦੀ ਚਰਚਾ ਹੋਣ ਲੱਗੀ। ਇਸ਼ਕ ਪੜ੍ਹਾਈ ਵਿਚ ਰੁਕਾਵਟ ਬਣ ਗਿਆ ਤੇ ਸਾਹਿਬਾਂ ਨੂੰ ਛਮਕਾਂ ਦੀ ਮਾਰ ਪੈਣ ਲੱਗੀ। ਸਾਹਿਬਾਂ, ਕਾਜ਼ੀ ਨੂੰ ਛਮਕਾਂ ਨਾ ਮਾਰਨ ਬਾਰੇ ਕਹਿੰਦੀ ਹੈ, ਕਿਉਂਕਿ ਉਸ ਨੇ ਤਾਂ ਆਪਣੇ ਲੇਖਾਂ ਵਿੱਚ ਇਸ਼ਕ ਲਿਖਾ ਲਿਆਂਦਾ ਹੈ। ਇਸ਼ਕ ਵਿੱਚ ਪੜ੍ਹਾਈ ਕਿੱਥੇ?

ਜਦ ਸਾਹਿਬਾਂ ਜਵਾਨ ਹੋਈ ਤਾਂ ਉਸ ਦੇ ਹੁਸਨ ਦੀ ਤਾਬ ਝੱਲਣੀ ਮੁਸ਼ਕਲ ਹੋ ਗਈ। ਜਿਹੜਾ ਉਸ ਨੂੰ ਵੇਖਦਾ ਹੈ, ਉਹ ਆਪਣੀ ਸੁਧ ਬੁਧ ਖੋ ਬੈਠਦਾ ਹੈ। ਸਾਹਿਬਾਂ ਤੇਲ ਲੈਣ ਲਈ ਪਸਾਰੀ ਦੀ ਹੱਟੀ ਜਾਂਦੀ ਹੈ ਤਾਂ ਬਾਣੀਆਂ ਤਕੜੀ ਫੜਨੀ ਭੁੱਲ ਜਾਂਦਾ ਹੈ ਤੇ ਤੇਲ ਦੀ ਥਾਂ 'ਤੇ ਸ਼ਹਿਤ ਉਲਟ ਦਿੰਦਾ ਹੈ। ਉਸ ਨੂੰ ਵੇਖ ਕੇ ਬਾਣੀਏ ਆਪਣੇ ਵਣਜ ਗੁਆ ਲੈਂਦੇ ਹਨ, ਜੱਟ ਆਪਣੇ ਬਲਦ ਗੁਆ ਬੈਠਦੇ ਹਨ ਅਤੇ ਨਾਂਗੇ ਚੌੜ ਚੁਪੱਟ ਹੋ ਜਾਂਦੇ ਹਨ। ਸਾਹਿਬਾਂ ਘਰੋਂ ਪੜ੍ਹਨ ਲਈ ਜਾਂਦੀ ਹੈ, ਪਰ ਮਸੀਤੇ ਉਹ ਇਸ਼ਕ ਕਮਾਉਂਦੀ ਹੈ। ਮਾਨੋ ਉਸ ਲਈ ਕਾਜ਼ੀ ਮਰ ਚੁੱਕਾ ਹੈ ਤੇ ਮਸੀਤ ਸੁੰਨੀ ਪਈ ਹੈ।

ਜਦੋਂ ਸਾਹਿਬਾਂ ਦੇ ਮਾਪਿਆਂ ਨੂੰ ਦੋਵਾਂ ਦੇ ਇਸ਼ਕ ਦਾ ਪਤਾ ਲੱਗਾ ਤਾਂ ਉਨ੍ਹਾਂ ਮਿਰਜ਼ੇ ਨੂੰ ਦਾਨਾਬਾਦ ਵਾਪਸ ਭੇਜ ਦਿੱਤਾ ਅਤੇ ਪਿੱਛੋਂ ਸਾਹਿਬਾਂ ਦੀ ਮੰਗਣੀ ਚੰਧੜ ਖ਼ਾਨਦਾਨ ਦੇ ਤਾਹਿਰ ਖ਼ਾਨ ਨਾਲ ਕਰ ਦਿੱਤੀ। ਵਿਆਹ ਵਿੱਚ ਤਿੰਨ ਦਿਨ ਬਾਕੀ ਸਨ ਕਿ ਸਾਹਿਬਾਂ ਨੇ ਕਰਮੂੰ ਬ੍ਰਾਹਮਣ ਨੂੰ ਸੱਦ ਕੇ ਮਿਰਜ਼ੇ ਪਾਸ ਜਾਣ ਲਈ ਕਿਹਾ ਤਾਂ ਜੋ ਮਿਰਜ਼ੇ ਨੂੰ ਵਿਆਹ ਦੀ ਸੂਚਨਾ ਦਿੱਤੀ ਜਾ ਸਕੇ। ਉਹ ਚਾਹੁੰਦੀ ਹੈ ਕਿ ਮਿਰਜ਼ਾ ਆਵੇ ਤੇ ਉਸ ਨੂੰ ਆ ਕੇ ਲੈ ਜਾਵੇ। ਉਸ ਨੇ ਕਰਮੂੰ ਨੂੰ ਹੱਥ ਦੀਆਂ ਚੂੜੀਆਂ, ਇੱਕ ਝੋਟੀ ਤੇ ਜ਼ਮੀਨ ਦੇਣ ਦਾ ਲਾਲਚ ਵੀ ਦਿੱਤਾ। ਪਰ ਉਸ ਦਾ ਦਿਲ ਬੇਈਮਾਨ ਹੋ ਗਿਆ। ਉਸ ਨੇ ਸਾਹਿਬਾਂ ਨੂੰ ਉਸ ਦੇ ਨਾਲ ਪਿਆਰ ਕਰਨ ਲਈ ਕਿਹਾ, ਕਿਉਂਕਿ ਮਿਰਜ਼ੇ ਦਾ ਪਹਿਲਾਂ ਹੀ ਵਿਆਹ ਹੋ ਚੁੱਕਾ ਹੈ। ਉਸ ਦੀ ਪਹਿਲੀ ਔਰਤ ਬਹੁਤ ਭੈੜੀ ਹੈ ਤੇ ਅੱਧਾ ਹਿੱਸਾ ਵੰਡਾ ਲਵੇਗੀ। ਦੂਜੀ ਦਲੀਲ ਉਹ ਦੇਂਦਾ ਹੈ ਕਿ ਚਾਲੀ ਕੋਹਾਂ ਦਾ ਪੈਂਡਾ ਹੈ, ਏਨਾ ਪੈਂਡਾ ਤਹਿ ਕਰਕੇ, ਕੌਣ ਆਵੇ ਕੌਣ ਜਾਵੇ? ਇਸ ਲਈ ਉਸ ਨਾਲ ਇਸ਼ਕ ਕਰਕੇ, ਉਸ ਨੂੰ ਘਰ ਵਿੱਚ ਹੀ ਇਸ਼ਕ ਕਮਾ ਲੈਣਾ ਚਾਹੀਦਾ ਹੈ। ਸਾਹਿਬਾਂ ਕਰਮੂੰ ਦੇ ਇਨ੍ਹਾਂ ਸ਼ਬਦਾਂ 'ਤੇ ਸਖ਼ਤ ਨਰਾਜ਼ਗੀ ਪ੍ਰਗਟ ਕਰਦੀ ਹੈ ਤੇ ਉਸ ਨੂੰ

ਆਪਣੇ ਭਰਾ ਅਤੇ ਬਾਪ ਪਾਸੋਂ ਸਖ਼ਤ ਸਜ਼ਾ ਦੀ ਧਮਕੀ ਦਿੰਦੀ ਹੈ। ਕਰਮੂੰ ਆਪਣੀ ਗ਼ਲਤੀ ਦੀ ਮਾਫੀ ਮੰਗਦਾ ਹੈ ਤੇ ਕਹਿੰਦਾ ਹੈ ਕਿ ਅਫ਼ੀਮ ਖਾਣ ਕਰਕੇ ਉਸ ਦੀ ਅਕਲ ਟਿਕਾਣੇ ਨਹੀਂ। ਉਹ ਦਾਨਾਬਾਦ ਜਾਣ ਲਈ ਆਪਣੀ ਰਜ਼ਾਮੰਦੀ ਜ਼ਾਹਰ ਕਰ ਦਿੰਦਾ ਹੈ।

ਕਾਫੀ ਰਾਤ ਰਹਿੰਦਿਆਂ, ਕਰਮੂੰ ਬ੍ਰਾਹਮਣ ਦਾਨਾਬਾਦ ਨੂੰ ਰਵਾਨਾ ਹੋ ਗਿਆ ਤੇ ਮਿਰਜ਼ੇ ਨੂੰ ਜਾ ਕੇ ਸਾਹਿਬਾਂ ਦਾ ਸੁਨੇਹਾ ਦੇ ਦਿੱਤਾ। ਸੁਨੇਹਾ ਲੈਂਦੇ ਸਾਰ ਹੀ ਮਿਰਜ਼ਾ ਸਾਹਿਬਾਂ ਪਾਸ ਜਾਣ ਲਈ ਤਿਆਰ ਹੋ ਗਿਆ। ਮਿਰਜ਼ੇ ਦੀ ਭੈਣ ਛਹਿਤੀ ਦਾ ਵਿਆਹ ਧਰਿਆ ਹੋਇਆ ਸੀ। ਅਗਲੇ ਦਿਨ ਸੰਦਲ ਬਾਰ ਦੇ ਭੱਟੀਆਂ ਨੇ ਉਸ ਨੂੰ ਵਿਆਹੁਣ ਆਉਣਾ ਸੀ। ਛਹਿਤੀ ਮਿਰਜ਼ੇ ਨੂੰ ਆਪਣੇ ਵਿਆਹ ਕਰਕੇ ਜਾਣ ਤੋਂ ਵਰਜਦੀ ਹੈ। ਮਿਰਜ਼ਾ ਰੁਕਣ ਤੋਂ ਇਨਕਾਰ ਕਰਦਾ ਹੈ, ਕਿਉਂਕਿ ਉਸ ਦੇ ਵਿਆਹ ਲਈ ਉਸ ਦੇ ਚਾਰ ਭਰਾ ਹੋਰ ਹਨ ਅਤੇ ਜੇ ਉਹ ਨਾ ਗਿਆ ਤਾਂ ਸਾਹਿਬਾਂ ਦੇ ਹੋਰ ਥਾਂ ਵਿਆਹੇ ਜਾਣ 'ਤੇ ਖਰਲਾਂ ਨੂੰ ਹਾਰ ਆਵੇਗੀ। ਉਸ ਨੂੰ ਇਹ ਵੀ ਗਿਲਾ ਹੈ ਕਿ ਉਹ ਅਜੇ ਕਾਜ ਵਿਹੂਣਾ ਹੈ। ਇਸ ਲਈ ਉਸ ਦੂਜੇ ਦੇ ਕਾਜ ਲਈ ਫਿਕਰ ਕਿਉਂ ਕਰੇ? ਮਿਰਜ਼ੇ ਦੀ ਮਾਂ ਵੀ ਮਿਰਜ਼ੇ ਨੂੰ ਜਾਣ ਤੋਂ ਰੋਕਦੀ ਹੈ। ਉਸ ਦਾ ਤਰਕ ਹੈ ਕਿ ਸਿਆਲ ਬੜੇ ਬੁਰੇ ਹਨ। ਉਨ੍ਹਾਂ ਦੀਆਂ ਔਰਤਾਂ ਬੜੀਆਂ ਭੈੜੀਆਂ ਹਨ ਜੋ ਜਾਦੂ ਪਾ ਲੈਂਦੀਆਂ ਹਨ ਅਤੇ ਕਲੇਜਾ ਕੱਢ ਕੇ ਖਾ ਜਾਂਦੀਆਂ ਹਨ। ਤੂੰ ਔਰਤ ਦੀ ਖ਼ਾਤਰ ਚਲਿਆਂ, ਪਰ ਤੂੰ ਜਾਨ ਗਵਾ ਕੇ ਆਵੇਂਗਾ। ਪਰ ਮਿਰਜ਼ਾ ਕਹਿੰਦਾ ਹੈ ਕਿ ਖੀਵੇ ਖ਼ਾਨ ਦੇ ਘਰ ਵਿਆਹ ਹੈ। ਉਨ੍ਹਾਂ ਨੇ ਲਾਗੀ ਭੇਜਿਆ ਹੈ, ਜਿਸ ਨੇ ਮੈਨੂੰ ਸਾਹੇ ਦੀ ਖ਼ਬਰ ਦਿੱਤੀ ਹੈ। ਉਹ ਮੇਰੇ ਨਾਨਕੇ ਹਨ ਤੇ ਮੈਂ ਦੋਹਤਰਾ ਹਾਂ, ਇਸ ਲਈ ਮਾਂ ਮੈਨੂੰ ਰੋਕ ਨਾ।

ਮਿਰਜ਼ੇ ਨੇ ਘੋੜੀ ਸ਼ਿੰਗਾਰ ਲਈ। ਉਹ ਉਸ ਉੱਤੇ ਚੜ੍ਹਨ ਲੱਗਾ ਤਾਂ ਉਸ ਦਾ ਪੱਲਾ ਅਟਕਿਆ ਤੇ ਕਿਸੇ ਨੇ ਸਾਹਮਣਿਓਂ ਛਿੱਕ ਮਾਰ ਦਿੱਤੀ। ਗੋਰੇ ਰੰਗ ਦੀ ਸਾਹਿਬਾਂ ਜਿਸ ਦੀਆਂ ਗਜ਼ ਗਜ਼ ਲੰਮੀਆਂ ਮੀਢੀਆਂ ਸਨ, ਮਿਰਜ਼ੇ ਦਾ ਕਲੇਜਾ ਕੱਢ ਕੇ ਲੈ ਗਈ। ਮਿਰਜ਼ੇ ਦਾ ਕਹਿਣਾ ਹੈ ਕਿ ਉਹ ਸਾਹਿਬਾਂ ਦੇ ਹੱਥੋਂ ਜ਼ਹਿਰ ਦਾ ਪਿਆਲਾ ਪੀਣ ਨੂੰ ਵੀ ਤਿਆਰ ਹੈ। ਉਹ ਬਿਨਾਂ ਸੀ ਕੀਤਿਆਂ ਬਰਛੀ ਦੇ ਵਾਰ ਵੀ ਸਹਿ ਸਕਦਾ ਹੈ। ਉਹ ਆਪਣੀ ਮੌਤ ਆਪ ਮਰ ਸਕਦਾ ਹੈ, ਕਿਸੇ ਨੂੰ ਉਸ ਦੇ ਨਾਲ ਕੀ ਲੱਗੇ?

ਘੋੜੀ ਚੜ੍ਹਦੇ ਮਿਰਜ਼ੇ ਨੂੰ ਉਸ ਦਾ ਪਿਉ ਵੰਝਲ ਰੋਕਦਾ ਹੈ। ਉਹ ਇਸਤਰੀਆਂ ਦੀ ਖ਼ੂਬ ਨਿੰਦਿਆਂ ਕਰਦਾ ਹੈ ਤੇ ਮਿਰਜ਼ੇ ਨੂੰ ਇਸਤਰੀ ਖ਼ਾਤਰ ਆਪਣੀ ਇਜ਼ਤ ਖਰਾਬ ਕਰਨ ਤੋਂ ਵਰਜਦਾ ਹੈ। ਮਿਰਜ਼ੇ ਦੀ ਮਾਂ ਫਿਰ ਇਕ ਦਿਨ ਲਈ ਰੁਕਣ ਲਈ ਕਹਿੰਦੀ ਹੈ। ਮਿਰਜ਼ਾ ਕਹਿੰਦਾ ਹੈ ਕਿ ਸਾਹਿਬਾਂ ਉਸ ਦੀ ਮੰਗ ਹੈ। ਜੇ ਉਹ ਆਪਣੀ ਮੰਗ ਛੱਡ ਦੇਵੇ ਤਾਂ ਖ਼ਰਲਾਂ ਨੂੰ ਲਾਜ ਲੱਗੇਗੀ। ਉਹ ਤਾਂ ਸਾਹਿਬਾਂ ਦੇ ਸੱਦੇ ਨੂੰ ਠੁਕਰਾ ਨਹੀਂ ਸਕਦਾ। ਜੇ ਉਹ ਜੀਉਂਦਾ ਰਿਹਾ ਤਾਂ ਛੇਤੀ ਹੀ ਆ ਮਿਲੇਗਾ। ਇਹ ਕਹਿ ਕੇ ਮਿਰਜ਼ਾ ਸਿਆਲਾਂ ਨੂੰ ਚੱਲ ਪਿਆ।

ਮਿਰਜ਼ੇ ਦੀ ਬੱਕੀ, ਜਿਸ ਦੀ ਤੇਜ਼ ਚਾਲ ਕਾਰਨ ਕਈ ਆਪਣੀਆਂ ਪੱਗਾਂ ਲੁਹਾ ਚੁੱਕੇ ਸਨ ਅਤੇ ਕਈਆਂ ਨੂੰ ਡਿੱਗ ਕੇ ਜ਼ਿੰਦਗੀ ਤੋਂ ਹੱਥ ਧੋਣੇ ਪੈ ਗਏ ਸਨ, ਤੇਜ਼ ਦੌੜੀ ਜਾ ਰਹੀ

ਸੀ। ਸਿਆਲਾਂ ਦੇ ਪਿੰਡ ਪਹੁੰਚ ਕੇ, ਮਿਰਜ਼ੇ ਨੇ ਆਪਣੀ ਧਰਮ ਦੀ ਮਾਸੀ ਬੀਬੋ ਨੂੰ ਸਾਹਿਬਾਂ ਨਾਲ ਮਿਲਾਪ ਕਰਾਉਣ ਲਈ ਕਿਹਾ। ਬੀਬੋ ਨੇ ਮਿਰਜ਼ੇ ਨੂੰ ਸਾਹਿਬਾਂ ਨਾਲ ਉਸ ਦੇ ਘਰ ਮੇਲ ਕਰਵਾ ਦਿੱਤਾ। ਸਾਹਿਬਾਂ ਨੇ ਉਸ ਨੂੰ ਦਾਨਾਬਾਦ ਖੜਨ ਲਈ ਕਿਹਾ।

ਰਾਤ ਨੂੰ ਮਿਰਜ਼ੇ ਨੇ ਜਾਮ ਲੁਹਾਰ ਪਾਸੋਂ ਕਿਲੀਆਂ ਘੜਵਾਈਆਂ। ਇਨ੍ਹਾਂ ਕਿਲੀਆਂ ਨੂੰ ਗੱਡ ਕੇ ਉਹ ਚੁਬਾਰੇ ਸਾਹਿਬਾਂ ਪਾਸ ਪਹੁੰਚਿਆ। ਸਾਹਿਬਾਂ ਨੂੰ ਉਤਾਰ ਕੇ, ਉਹ ਬੱਕੀ 'ਤੇ ਬਿਠਾ ਕੇ ਦਾਨਾਬਾਦ ਨੂੰ ਰਵਾਨਾ ਹੋਇਆ ਸਾਹਿਬਾਂ ਘੋੜੀ ਦੀ ਨਿੰਦਿਆਂ ਕਰਦੀ ਹੈ ਤੇ ਕਹਿੰਦੀ ਹੈ ਕਿ ਇਸ ਨੂੰ ਮੇਰੇ ਬਾਪ ਦੇ ਤੇਜ਼ ਘੋੜੇ ਰਸਤੇ ਵਿੱਚ ਹੀ ਘੇਰ ਲੈਣਗੇ ਅਤੇ ਮੇਰੇ ਭਰਾ ਤੇਰੀ ਧੌਣ ਲਾਹ ਦੇਣਗੇ। ਹੰਕਾਰ ਦਾ ਮਾਰਿਆ ਮਿਰਜ਼ਾ ਕਹਿੰਦਾ ਹੈ ਕਿ ਮੇਰੀ ਬੱਕੀ ਘੋੜੀ ਏਨੀ ਬਹਾਦਰ ਹੈ, ਕਿ ਇਸ ਤੋਂ ਫ਼ਰਿਸ਼ਤੇ ਵੀ ਡਰਦੇ ਹਨ ਤੇ ਮੈਥੋਂ ਖ਼ੁਦਾ ਡਰਦਾ ਹੈ।

ਓਧਰ ਸਾਹਿਬਾਂ ਦਾ ਮੇਲ ਬੂਹੇ 'ਤੇ ਬੈਠਾ ਹੋਇਆ ਸੀ ਅਤੇ ਅੰਦਰ ਨਾਨਕੇ ਬੈਠੇ ਹੋਏ ਸਨ। ਫੀਰੋਜ਼ ਡੋਗਰ ਨੇ ਖੀਵੇ ਖ਼ਾਨ ਨੂੰ ਮਿਰਜ਼ੇ ਦੁਆਰਾ ਸਾਹਿਬਾਂ ਨੂੰ ਕੱਢ ਕੇ ਲੈਣ ਜਾਣ ਦੀ ਖ਼ਬਰ ਦਿੱਤੀ। ਅਤਰ ਫੁਲੇਲ ਦੇ ਕੁੱਪੇ, ਗਹਿਣਿਆਂ ਸਮੇਤ ਪਟਾਰੀਆਂ, ਹਮੇਲਾਂ ਸਮੇਤ ਝਾਂਜਰਾਂ ਅਤੇ ਸ਼ਗਨਾਂ ਭਰੇ ਥਾਲ ਧਰੇ ਧਰਾਏ ਰਹਿ ਗਏ। ਮਿਰਜ਼ੇ ਨੂੰ ਮਾਰਨ ਲਈ, ਘੋੜ ਸਵਾਰ ਅਤੇ ਪੈਦਲ ਵਹੀਰਾਂ ਤੁਰ ਪਈਆਂ।

ਕੁਝ ਦੂਰ ਜਾ ਕੇ ਮਿਰਜ਼ਾ ਇੱਕ ਜੰਡ ਹੇਠਾਂ ਸੌਂ ਗਿਆ। ਸਾਹਿਬਾਂ ਨੇ ਉਸ ਨੂੰ ਛੇਤੀ ਦਾਨਾਬਾਦ ਜਾਣ ਲਈ ਕਿਹਾ। ਸਾਹਿਬਾਂ ਨੇ ਭਰਾਵਾਂ ਦਾ ਡਰ ਪਾਇਆ। ਪਰ ਮਿਰਜ਼ਾ ਕਿੱਥੇ ਸੁਣਦਾ ਸੀ, ਉਸ ਨੇ ਆਪਣੀ ਘੋੜੀ ਅਤੇ ਬਹਾਦਰੀ ਦੀ ਤਾਰੀਫ਼ ਦੇ ਪੁਲ ਬੰਨ੍ਹ ਦਿੱਤੇ। ਉਸ ਦਾ ਕਹਿਣਾ ਸੀ ਕਿ ਮੇਰੇ ਮੁਕਾਬਲੇ ਦਾ ਸੂਰਮਾ ਅਜੇ ਕੋਈ ਪੈਦਾ ਹੀ ਨਹੀਂ ਹੋਇਆ। ਉਹ ਸਾਹਿਬਾਂ ਦੇ ਸਾਰੇ ਭਰਾਵਾਂ ਨੂੰ ਮਾਰ ਮੁਕਾਵੇਗਾ। ਇਸ ਲਈ, ਉਹ ਕਹਿੰਦਾ ਹੈ ਕਿ ਮੈਨੂੰ ਘੜੀ ਸੌਂ ਲੈਣ ਦੇ। ਅਗਲੀ ਘੜੀ, ਉਹ ਦਾਨਾਬਾਦ ਪੁੱਜ ਜਾਣਗੇ।

ਮਿਰਜ਼ਾ ਸੌਂ ਰਿਹਾ ਸੀ ਕਿ ਸਾਹਿਬਾਂ ਨੂੰ ਦੂਰ ਇੱਕ ਵਾਹਰ ਨਜ਼ਰ ਆਈ। ਇਸ ਵਿੱਚ ਉਸ ਦੇ ਭਰਾ ਵੀ ਘੋੜਿਆਂ 'ਤੇ ਸਵਾਰ ਸਨ। ਉਸ ਨੂੰ ਮਿਰਜ਼ੇ ਦੀ ਮੌਤ ਦਿਖਾਈ ਦੇਣ ਲੱਗੀ। ਉਸ ਨੇ ਫਿਰ ਮਿਰਜ਼ੇ ਨੂੰ ਜਗਾਇਆ ਤੇ ਦਾਨਾਬਾਦ ਚੱਲਣ ਲਈ ਕਿਹਾ, ਕਿਉਂਕਿ ਚੰਧੜ ਤੇ ਸਿਆਲ ਉਸ ਨੂੰ ਨਹੀਂ ਛੱਡਣਗੇ। ਹੰਕਾਰਿਆ ਮਿਰਜ਼ਾ ਕਹਿਣ ਲੱਗਾ ਕਿ ਉਹ ਪੂਰਾਂ ਦੇ ਪੂਰ ਵੱਢ ਵੱਢ ਕੇ ਸੁੱਟ ਦੇਵੇਗਾ। ਇਸ ਲਈ ਸਾਹਿਬਾਂ ਉਸ ਨੂੰ ਘੜੀ ਹੋਰ ਸੌਂ ਲੈਣ ਦੇਵੇ। ਸਵੇਰ ਹੁੰਦੇ ਸਾਰ, ਉਹ ਦਾਨਾਬਾਦ ਨੂੰ ਚੱਲ ਪੈਣਗੇ। ਕੁਝ ਸਮਾਂ ਪਿੱਛੋਂ ਵਾਹਰ ਮਿਰਜ਼ੇ 'ਤੇ ਟੁੱਟ ਪਈ। ਇੱਕ ਤੀਰ ਮਿਰਜ਼ੇ ਨੂੰ ਐਸਾ ਵੱਜਾ ਕਿ ਜਾਨ ਲੇਵਾ ਸਾਬਤ ਹੋਇਆ।

ਮਿਰਜ਼ੇ ਨੇ ਸਾਹਿਬਾਂ ਨੂੰ ਮਿਹਣਾ ਮਾਰਿਆ ਕਿ ਉਸ ਨੇ ਉਸ ਦਾ ਤਰਕਸ਼ ਜੰਡ 'ਤੇ ਟੰਗ ਕੇ ਉਸ ਨਾਲ ਧੋਖਾ ਕੀਤਾ ਹੈ। ਇਸ ਤਰਕਸ਼ ਵਿੱਚ ਤਿੰਨ ਸੌ ਤੀਰ ਸਨ। ਇਹ ਤੀਰ ਉਸ ਨੇ ਸਿਆਲਾਂ 'ਤੇ ਚਲਾਉਣੇ ਸਨ। ਪਹਿਲਾ ਤੀਰ ਉਸ ਨੇ ਉਸ ਦੇ ਭਰਾ ਸ਼ਮੀਰ ਤੇ ਦੂਜਾ ਉਸ ਦੇ ਘੋੜੇ ਨੂੰ ਮਾਰਨਾ ਸੀ। ਤੀਜਾ ਤੀਰ ਉਸ ਨੇ ਉਸ ਦੇ ਮੰਗੇਤਰ ਨੂੰ ਮਾਰਨਾ ਸੀ।

ਦੂਜੇ ਪਾਸੇ, ਵੈਣ ਪਾਉਂਦੀ ਹੋਈ ਸਾਹਿਬਾਂ, ਮਿਰਜ਼ੇ ਨੂੰ ਕਹਿੰਦੀ ਹੈ ਕਿ ਇਹ ਸਾਰਾ ਕੁਝ ਹੋਣੀ ਕਰਕੇ ਹੋਇਆ ਹੈ। ਸ਼ਾਹ ਅਲੀ ਦੇ ਬੇਟੇ ਹਸਨ ਹੁਸੈਨ ਤੇ ਵੱਡੇ ਵੱਡੇ ਪੈਗੰਬਰ, ਇਸ ਹੋਣੀ ਨੂੰ ਟਾਲ ਨਾ ਸਕੇ, ਫਿਰ ਮਿਰਜ਼ਾ ਕਿਸ ਪਾਣੀ ਹਾਰ ਹੈ? ਉਹ ਮਿਰਜ਼ੇ ਨੂੰ ਆਪਣੇ ਨਾਲ ਹੀ ਲੈ ਜਾਣ ਲਈ ਕਹਿੰਦੀ ਹੈ। ਭਾਵ ਕਿ ਉਸ ਨੂੰ ਵੀ ਮੌਤ ਆ ਜਾਵੇ ਅਤੇ ਉਹ ਦੋਵੇਂ ਇਸ ਜਹਾਨ ਤੋਂ ਇਕੱਠਿਆਂ ਕੂਚ ਕਰਨ। ਪਰ ਮਿਰਜ਼ਾ ਭਰਾਵਾਂ ਬਿਨਾਂ ਮਾਰਿਆ ਗਿਆ।

****

ਮਿਰਜ਼ਾ ਸਾਹਿਬਾਂ ਦਾ ਸਮਾਂ

ਪੀਲੂ ਵਾਂਗ ਮਿਰਜ਼ਾ ਸਾਹਿਬਾਂ ਦੇ ਸਮੇਂ ਬਾਰੇ ਵੀ ਵਿਦਵਾਨਾਂ ਵਿੱਚ ਮੱਤਭੇਦ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਮਿਰਜ਼ਾ ਸਾਹਿਬਾਂ ਬਾਰੇ ਹੋਰ ਸਾਰੀ ਜਾਣਕਾਰੀ ਦਿੱਤੀ ਹੈ, ਪਰ ਉਨ੍ਹਾਂ ਦੇ ਸਮੇਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ।[1] ਬਾਵਾ ਬੁੱਧ ਸਿੰਘ ਅਨੁਸਾਰ ਮਿਰਜ਼ਾ ਸਾਹਿਬਾਂ ਸ਼ਾਹਜਹਾਨ (1627–58) ਦੇ ਸਮੇਂ ਹੋਏ। ਉਨ੍ਹਾਂ ਇਹ ਨਿਰਨਾ ਭਾਈ ਗੁਰਦਾਸ ਦੀ ਹੇਠ ਲਿਖੀ ਪੌੜੀ ਅਤੇ ਹਾਫ਼ਿਜ਼ ਬਰਖ਼ੁਰਦਾਰ ਦੇ ਸਮੇਂ ਤੋਂ ਕੱਢਿਆ ਹੈ। ਭਾਈ ਗੁਰਦਾਸ ਨੇ ਵਾਰ 27 ਦੀ ਪਹਿਲੀ ਪਉੜੀ ਵਿੱਚ ਲਿਖਿਆ ਹੈ :

ਲੇਲੈ ਮਜਨੂੰ ਆਸ਼ਕੀ, ਚਹੁੰ ਚਕੀ ਜਾਤੀ।
ਸੋਰਠਿ ਬੀਜਾ ਗਾਵੀਐ, ਜਸੁ ਸੁਘੜਾ ਵਾਤੀ।
ਸੱਸੀ ਪੁੰਨੂੰ ਦੋਸਤੀ, ਹੁਇ ਜਾਤਿ ਅਜਾਤੀ।
ਮੇਹੀਵਾਲ ਨੇ ਸੋਹਣੀ, ਨੈ ਤਰਦੀ ਰਾਤੀ।
ਰਾਂਝਾ ਹੀਰ ਵਖਾਣੀਐ, ਓਹੁ ਰਿਮ ਪਰਾਤੀ।
ਪੀਰ ਮੁਰੀਦਾਂ ਪਿਰਹੜੀ, ਗਾਵਨਿ ਪਰਭਾਤੀ।

ਇਸ ਪਉੜੀ ਵਿੱਚ ਜਿੱਥੇ ਲੈਲਾ ਮਜਨੂੰ, ਸੱਸੀ ਪੁੰਨੂੰ, ਸੋਹਣੀ ਮਹੀਂਵਾਲ ਤੇ ਹੀਰ ਰਾਂਝਾ, ਸੋਰਠਿ-ਬੀਜਾ ਪ੍ਰੀਤ ਜੋੜਿਆਂ ਦਾ ਹਵਾਲਾ ਮਿਲਦਾ ਹੈ। ਉੱਥੇ ਮਿਰਜ਼ਾ ਸਾਹਿਬਾਂ ਦਾ ਜ਼ਿਕਰ ਨਹੀਂ ਮਿਲਦਾ। ਇਹ ਸਿੱਧ ਕਰਦਾ ਹੈ, ਕਿ ਇਹ ਘਟਨਾ ਭਾਈ ਗੁਰਦਾਸ (1551–1637 ਈ.) ਦੀ ਉੱਪਰ ਲਿਖੀ ਪਉੜੀ ਪਿੱਛੋਂ ਹੀ ਵਾਪਰੀ। ਭਾਈ ਗੁਰਦਾਸ ਦਾ ਸਮਾਂ ਅਕਬਰ ਤੋਂ ਜਹਾਂਗੀਰ ਦੇ ਪਹਿਲੇ ਦਸ ਸਾਲ ਦਾ ਹੈ। ਇਸ ਲਈ ਇਹ ਘਟਨਾ ਜਹਾਂਗੀਰ ਦੇ ਪਿੱਛੋਂ ਵਾਪਰੀ। ਪੀਲੂ ਤੋਂ ਪਿੱਛੋਂ, ਮਿਰਜ਼ਾ ਸਾਹਿਬਾਂ ਦਾ ਕਿੱਸਾ ਹਾਫ਼ਿਜ਼ ਬਰਖ਼ੁਰਦਾਰ ਨੇ ਲਿਖਿਆ ਹੈ। ਉਸ ਨੇ ਆਪਣੇ ਕਿੱਸੇ ਵਿੱਚ ਪੀਲੂ ਦੀ ਪ੍ਰਸ਼ੰਸਾ ਕਰਦੇ ਹੋਏ ਲਿਖਿਆ ਹੈ :

ਯਾਰੇ ਪੀਲੂ ਨਾਲ ਬਰਾਬਰੀ ਸ਼ਾਇਰ ਭੁਲ ਕਰੇਨ।
ਜਿਸ ਨੂੰ ਪੰਜਾਂ ਪੀਰਾਂ ਦੀ ਥਾਪਣਾ ਕੰਧੀ ਦਸਤ ਧਰੇਣ।

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਹਾਫਿਜ਼ ਬਰਖ਼ੁਰਦਾਰ ਵੇਲੇ, ਇਹ ਕਿੱਸਾ ਕਾਫੀ ਪ੍ਰਸਿੱਧੀ ਪ੍ਰਾਪਤ ਕਰ ਚੁੱਕਾ ਸੀ। ਬਾਵਾ ਬੁੱਧ ਸਿੰਘ ਅਨੁਸਾਰ, ਹਾਫਿਜ਼ ਬਰਖ਼ੁਰਦਾਰ 1676 ਈ: ਵਿੱਚ ਔਰੰਗਜ਼ੇਬ ਸਮੇਂ ਹੋਇਆ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਘਟਨਾ ਭਾਈ ਗੁਰਦਾਸ ਪਿੱਛੋਂ ਸ਼ਾਹ ਜਹਾਨ ਦੇ ਸਮੇਂ ਵਾਪਰੀ। ਸੁਰਿੰਦਰ ਸਿੰਘ ਕੋਹਲੀ ਵੀ ਇਸ ਘਟਨਾ ਨੂੰ ਜਹਾਂਗੀਰ ਸਮੇਂ ਵਾਪਰੀ ਮੰਨਦਾ ਹੈ।[2]

ਕਰਮ ਸਿੰਘ ਹਿਸਟੋਰੀਅਨ ਨੇ ਗਣੇਸ਼ ਦੱਤ ਵਡੇਹਰਾ ਦੀ ਪੁਸਤਕ 'ਚਹਾਰ ਬਾਗਿ

ਪੰਜਾਬ' ਦੇ ਹਵਾਲੇ ਨਾਲ ਮਿਰਜ਼ਾ ਸਾਹਿਬਾਂ ਦਾ ਸਮਾਂ ਸੋਹਣੀ ਮਹੀਂਵਾਲ ਤੋਂ ਸੱਤਰ ਅੱਸੀ ਵਰ੍ਹੇ ਪਿੱਛੋਂ ਦਾ ਹੋਇਆ ਦੱਸਿਆ ਹੈ। ਸੋਹਣੀ ਮਹੀਂਵਾਲ ਦਾ ਸਮਾਂ ਗਣੇਸ਼ ਦੱਤ ਵਡੇਹਰਾ ਨੇ 1789 ਬਿਕ੍ਰਮੀ ਅਰਥਾਤ 1732 ਈ: ਲਿਖਿਆ ਹੈ। ਇਸ ਹਿਸਾਬ ਨਾਲ ਮਿਰਜ਼ਾ ਸਾਹਿਬਾਂ ਦਾ ਸਮਾਂ 1800 ਈ: ਦੇ ਕਰੀਬ ਬਣਨਾ ਚਾਹੀਦਾ ਹੈ।[3] ਭਾਈ ਗੁਰਦਾਸ ਦੀ ਉਪਰੋਕਤ ਪਉੜੀ ਵਿੱਚ ਸੋਹਣੀ ਮਹੀਂਵਾਲ ਦਾ ਜ਼ਿਕਰ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਵਡੇਹਰਾ ਦੀ ਸੋਹਣੀ ਮਹੀਂਵਾਲ ਬਾਰੇ ਦਿੱਤੀ ਮਿਤੀ ਸਹੀ ਨਹੀਂ। ਇਸ ਪ੍ਰੇਮ ਘਟਨਾ ਦਾ ਹਵਾਲਾ 'ਚਰਿਤ੍ਰੋਪਖਿਆਨ' (ਦਸਮ ਗ੍ਰੰਥ) ਵਿੱਚ ਆਇਆ ਹੈ। 'ਚਰਿਤ੍ਰੋਪਖਿਆਨ' ਦਾ ਸਮਾਂ 1700 ਈ: ਦੇ ਕਰੀਬ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਇਸ ਗ੍ਰੰਥ ਦੇ ਲਿਖਣ ਸਮੇਂ ਇਹ ਘਟਨਾ ਕਾਫੀ ਪ੍ਰਸਿੱਧੀ ਪ੍ਰਾਪਤ ਕਰ ਚੁੱਕੀ ਸੀ।

ਪਿਛਲੇ ਅਧਿਆਇ ਵਿੱਚ ਕੀਤੀ ਗਈ ਚਰਚਾ ਵਿੱਚ ਪੀਲੂ ਗੁਰੂ ਅਰਜਨ ਦੇਵ ਦਾ ਸਮਕਾਲੀ ਸਿੱਧ ਹੁੰਦਾ ਹੈ। ਇੰਜ ਇਹ ਘਟਨਾ ਅਕਬਰ ਸਮੇਂ ਵਾਪਰੀ ਹੀ ਸਿੱਧ ਹੁੰਦੀ ਹੈ। ਡਾ: ਵਿਸ਼ਵਾਨਾਥ ਤਿਵਾੜੀ ਨੇ ਖੀਵਾ ਤੇ ਦਾਨਾਬਾਦ ਦੇ ਮਿਰਾਸੀਆਂ ਪਾਸੋਂ ਬਿਓਰਾ ਇਕੱਤਰ ਕਰਕੇ ਇਹ ਨਿਰਣਾ ਕੀਤਾ ਹੈ ਕਿ ਮਿਰਜ਼ਾ ਤੇ ਸਾਹਿਬਾਂ ਦੀ ਘਟਨਾ ਅਕਬਰ ਦੇ ਰਾਜ ਸਮੇਂ ਵਾਪਰੀ। ਜਿੱਥੋਂ ਤੀਕ ਭਾਈ ਗੁਰਦਾਸ ਦੀ 27ਵੀਂ ਵਾਰ ਵਿੱਚ ਮਿਰਜ਼ਾ ਸਾਹਿਬਾਂ ਦਾ ਹਵਾਲਾ ਨਾ ਆਉਣ ਦਾ ਸੰਬੰਧ ਹੈ, ਇਸ ਬਾਰੇ ਕਿਹਾ ਜਾ ਸਕਦਾ ਹੈ ਕਿ ਭਾਈ ਸਾਹਿਬ ਜੀ, ਕੋਈ ਇਤਿਹਾਸ ਨਹੀਂ ਸਨ ਲਿਖ ਰਹੇ। ਉਨ੍ਹਾਂ ਬਾਕੀ ਪ੍ਰੇਮੀਆਂ ਦਾ ਵਰਣਨ ਵੀ ਸੁਭਾਵਿਕ ਹੀ ਕੀਤਾ ਹੈ।

ਹਵਾਲੇ ਤੇ ਟਿੱਪਣੀਆਂ

1. ਵਿਸਥਾਰ ਲਈ ਵੇਖੋ ਪੰਨਾ 178, 972

2. 'ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ', ਪੰਨਾ 196

3. ਉਧਰਿਤ, 'ਕਿੱਸਾ ਮਿਰਜ਼ਾ ਸਾਹਿਬਾਂ ਕ੍ਰਿਤ ਪੀਲੂ' (ਸੰ. ਪਿਆਰ ਸਿੰਘ ਐਮ. ਐਸ. ਅਮ੍ਰਿਤ), ਪੰਨਾ 22

4. ਉਹੀ, ਪੰਨਾ 22

*****

ਨਾਇਕ ਦਾ ਸੰਕਲਪ

'ਮਿਰਜ਼ਾ' ਪਦ ਦਾ ਅਸਲ ਰੂਪ 'ਮੀਰਜ਼ਾਦਾ' ਜਾਂ 'ਮੀਰਜ਼ਾ' ਹੈ, ਜਿਸ ਦਾ ਅਰਥ ਹੈ ਸ਼ਾਹੀ ਖ਼ਾਨਦਾਨ ਦਾ ਆਦਮੀ ਜਾਂ ਸ਼ਹਿਜ਼ਾਦਾ। ਇਸ ਨੂੰ ਇਕ ਸਨਮਾਨ ਦੀ ਪਦਵੀ ਸਮਝ ਕੇ ਵੀ ਵਰਤਿਆ ਜਾਂਦਾ ਰਿਹਾ ਹੈ। ਪਰ ਪੰਜਾਬੀ ਸਾਹਿਤ ਵਿੱਚ ਮਿਰਜ਼ਾ ਇਸ ਲਈ ਸਤਿਕਾਰ ਦਾ ਪਾਤਰ ਹੈ ਕਿ ਉਸ ਨੇ ਮਰਦਾਂ ਵਾਂਗ ਯਾਰੀ ਪਾਲਣ ਲਈ ਨਿਧੜਕ ਹੋ ਕੇ ਜਾਨ ਦਿੱਤੀ।[1] ਉਹ ਪੁਰਾਣੀਆਂ ਕੀਮਤਾਂ ਤੋੜਨ ਵਾਲਾ ਬਹਾਦਰ ਪੰਜਾਬੀ ਹੈ, ਜਿਸ ਤੋਂ ਜ਼ਮਾਨੇ ਦਾ ਖ਼ੁਦਾ ਭੈ ਖਾਂਦਾ ਹੈ ਤੇ ਜਿਸ ਦੀ ਬੱਕੀ ਫ਼ਰਿਸ਼ਤਿਆਂ ਨੂੰ ਫੂਕਾਂ ਨਾਲ ਉਡਾਈ ਜਾਂਦੀ ਹੈ। ਉਹ ਮਰਦ ਦੀ ਹਉਮੈ ਦਾ ਸਿਖਰ ਪੇਸ਼ ਕਰਦਾ ਹੈ, ਜੋ ਨਾਰੀ ਦੀ ਹਸਤੀ ਦਾ ਮਜ਼ਾਕ ਉਡਾਉਂਦਾ ਸਭ ਪਾਸਿਓਂ ਮਰਦ ਦੀ ਸਰਦਾਰੀ ਸਥਾਪਤ ਕਰਦਾ ਹੈ[2]। ਇਹੋ ਕਾਰਨ ਹੈ ਕਿ ਉਹ ਪੰਜਾਬੀ ਦਿਲਾਂ ਦੀ ਧੜਕਣ ਬਣ ਗਿਆ ਹੈ। ਸਾਹਿਬਾਂ ਦਾ ਮਿਰਜ਼ਾ ਤਾਂ ਭਾਵੇਂ ਮਰ ਗਿਆ ਪਰ ਲੋਕ ਗੀਤਾਂ ਵਿੱਚ ਉਹ ਅਜੇ ਵੀ ਜ਼ਿੰਦਾ ਹੈ[3] :

1.
ਹੁਜਰੇ ਜਾਹ ਹਕੀਮ ਦੇ
ਇੱਕ ਜੱਟੀ ਅਰਜ਼ ਕਰੇ
ਮੈਂ ਬਕਰਾ ਦੇਨੀਆਂ ਪੀਰ ਦਾ
ਮੇਰਾ ਸਿਰ ਦਾ ਕੰਤ ਮਰੇ
ਪੰਜ ਸਤ ਮਰਨ ਗਵਾਂਢਣਾ
ਰਹਿੰਦੀਆਂ ਨੂੰ ਤਾਪ ਚੜ੍ਹੇ
ਹੱਟੀ ਢਹੇ ਕਰਾੜ ਦੀ
ਜਿੱਥੇ ਦੀਵਾ ਨਿਤ ਬਲੇ
ਕੁੱਤੀ ਮਰੇ ਫ਼ਕੀਰ ਦੀ
ਜਿਹੜੀ ਚਉਂ ਚਉਂ ਨਿਤ ਕਰੇ
ਗਲੀਆਂ ਹੋਵਣ ਸੁੰਨੀਆਂ
ਵਿੱਚ ਮਿਰਜ਼ਾ ਯਾਰ ਫਿਰੇ

2.
ਦੱਖਣ ਦੇ ਵੱਲੋਂ ਚੜੀਆਂ ਨੇ ਨ੍ਹੇਰੀਆਂ
ਉੱਡਦੇ ਨੇ ਗਰਦ ਗਵਾਰ

ਬੁਲਬੁਲਾਂ ਵਰਗੀਆਂ ਘੋੜੀਆਂ
ਉੱਤੇ ਵੀਰਾਂ ਜਹੇ ਅਸਵਾਰ
ਹੱਥੀਂ ਤੇਗਾਂ ਨੰਗੀਆਂ
ਕਰਦੇ ਮਾਰੋ ਮਾਰ
ਵੇ ਤੂੰ ਹੇਠਾਂ ਜੰਡ ਦੇ ਸੌਂ ਗਿਐਂ
ਜੱਟਾ ਕਰਕੇ ਆ ਗਿਆ ਵਾਰ
ਤੈਨੂੰ ਭਜੇ ਨੂੰ ਜਾਣ ਨਾ ਦੇਣਗੇ
ਜੱਟਾ ਜਾਨੋ ਦੇਣਗੇ ਮਾਰ

3.
ਭੱਤੇ ਚੋਂ ਕੱਢ ਲਿਆ ਜਟ ਨੇ ਟੋਲ ਕੇ
ਰੰਗ ਦਾ ਸੁਨਹਿਰੀ ਤੀਰ
ਮਾਰਿਆ ਜੱਟ ਨੇ ਮੁੱਛਾਂ ਕੋਲੋਂ ਵੱਟ ਕੇ
ਉੱਡ ਗਿਆ ਵਾਂਗ ਭੰਬੀਰ
ਪੰਜ ਸਤ ਲਾਹ ਲਏ ਘੋੜੀਓਂ
ਨੌਵਾਂ ਲਾਹਿਆ ਸਾਹਿਬਾਂ ਦਾ ਵੀਰ
ਸਾਹਿਬਾਂ ਡਿਗਦੇ ਭਰਾਵਾਂ ਨੂੰ ਦੇਖ ਕੇ
ਅੱਖੀਓਂ ਸੁਟਦੀ ਨੀਰ
ਆਹ ਕੀ ਕੀਤਾ ਮਿਰਜ਼ਿਆ ਖ਼ੂਨੀਆਂ
ਹੋਰ ਨਾ ਚਲਾਈਂ ਐਸਾ ਤੀਰ
ਅਸੀਂ ਇੱਕ ਢਿਡ ਲੱਤਾਂ ਦੇ ਲਈਆਂ
ਇੱਕੋ ਮਾਂ ਦਾ ਚੁੰਘਿਆ ਸੀਰ

4.
ਵਿੰਗ ਤੜਿੰਗੀਏ ਟਾਹਲੀਏ
ਤੇਰੇ ਹੇਠ ਮਿਰਜ਼ੇ ਦੀ ਡੋਰ
ਜਿੱਥੇ ਮਿਰਜ਼ਾ ਵਢਿਆ
ਓਥੇ ਰੋਣ ਤਿੱਤਰ ਤੇ ਮੋਰ
ਮਹਿਲਾਂ 'ਚ ਰੋਂਦੀਆਂ ਰਾਣੀਆਂ
ਕਬਰਾਂ 'ਚ ਰੋਂਦੇ ਚੋਰ

5.
ਦਾਨਾਬਾਦ ਸੀ ਪਿੰਡ ਦੋਸਤੋ
ਵਿੱਚ ਬਾਰ ਦਾ ਭਾਰਾ
ਮੁਸਲਮਾਨ ਸੀ ਕੌਮ ਓਸ ਦੀ
ਚੰਗਾ ਕਰੇ ਗੁਜ਼ਾਰਾ
ਪੰਜ ਪੁੱਤਰ ਸੋਹੇ ਬਿੰਝਲ ਦੇ
ਓਹਦਾ ਭਾਗ ਨਿਆਰਾ
ਮਾਂ ਮਿਰਜ਼ੇ ਦੀ ਨਾਮ ਨਸੀਬੋ
ਦੁੱਧ ਪੁੱਤ ਪ੍ਰਵਾਰਾ
ਮਿਰਜ਼ਾ ਮਾਪਿਆਂ ਨੂੰ
ਸੌ ਪੁੱਤਰਾਂ ਤੋਂ ਪਿਆਰਾ

6.
ਤੇਰੀ ਮੇਰੀ ਲੱਗੀ ਦੋਸਤੀ
ਪੜਦਾ ਨਾਲ ਪਿਆਰਾ
ਸਾਹਿਬਾਂ ਨਾਲ ਲੜਾਵੇ ਨੇਤਰ
ਕਹਿੰਦੇ ਲੋਕ ਹਜ਼ਾਰਾਂ
ਮਿਰਜ਼ੇ ਯਾਰ ਦੀਆਂ
ਘਰ ਘਰ ਛਿੜੀਆਂ ਵਾਰਾਂ

7.
ਸੌ ਸੌ ਕੋਹ ਤੋਂ ਚੜ੍ਹੀ ਲੁਕਾਈ
ਮਿਰਜ਼ਾ ਵੇਖਣ ਆਵੇ
ਬਈ ਮਿਰਜ਼ਾ ਖਰਲਾਂ ਦਾ
ਅੱਜ ਵਧ ਕੇ ਬੋਲੀ ਪਾਵੇ

8.
ਹੀਰਿਆ ਹਰਨਾ ਬਾਗੀਂ ਚਰਨਾਂ
ਬਾਗੀਂ ਤਾਂ ਹੋ ਗਈ ਚੋਰੀ
ਪਹਿਲੋਂ ਲੰਘ ਗਿਆ ਕੈਂਠੇ ਵਾਲਾ
ਮਗਰੋਂ ਲੰਘ ਗਈ ਗੋਰੀ

9.

ਬੁਕ ਬੁਕ ਰੋਂਦੀ ਸਾਹਿਬਾਂ ਬਹਿ ਕੇ
ਜਿੰਦ ਗ਼ਮਾਂ ਨੇ ਖੋਰੀ
ਕੂਕਾਂ ਪੈਣਗੀਆਂ
ਨਿਹੁੰ ਨਾ ਲੱਗਦੀ ਜ਼ੋਰੀ।

ਪੀਲੂ ਰਚਿਤ ਕਿੱਸਾ 'ਮਿਰਜ਼ਾ ਸਾਹਿਬਾਂ' ਪਹਿਲਾ ਬੀਰ ਰਸੀ ਕਿੱਸਾ ਹੈ। ਪੀਲੂ ਨੇ ਇਸ ਦੇ ਨਾਇਕ ਮਿਰਜ਼ੇ ਨੂੰ ਬੜੀਆਂ ਰੀਝਾਂ ਨਾਲ ਚਿਤਰਿਆ ਹੈ। ਮਿਰਜ਼ੇ ਨੇ ਖਰਲਾਂ ਦੇ ਸਰਦਾਰ ਵੰਝਲ ਘਰ ਜਨਮ ਲਿਆ। ਉਹ ਜਨਮ ਸਮੇਂ ਤੋਂ ਹੀ ਸੁੰਦਰ ਤੇ ਬਹਾਦਰ ਹੈ :

ਘਰ ਵੰਝਲ ਦੇ ਮਿਰਜ਼ਾ, ਜੰਮਿਆ ਕਰੜੇਵਾਰ।
ਜਨਮ ਦਿੱਤਾ ਮਾਈ ਬਾਪ ਨੇ, ਰੂਪ ਦਿੱਤਾ ਕਰਤਾਰ।
ਐਸਾ ਮਿਰਜ਼ਾ ਸੂਰਮਾ, ਖਰਲਾਂ ਦਾ ਸਰਦਾਰ।

ਉਹ ਆਪਣੇ ਨਾਨਕੇ ਸਾਹਿਬਾਂ ਦੇ ਨਾਲ ਮਸੀਤੇ ਪੜ੍ਹਨ ਜਾਂਦਾ ਹੈ, ਜਿੱਥੇ ਦੋਵਾਂ ਦਾ ਇਸ਼ਕ ਹੋ ਜਾਂਦਾ ਹੈ :

ਸਾਹਿਬਾਂ ਪੜ੍ਹੇ ਪੱਟੀਆਂ, ਮਿਰਜ਼ਾ ਪੜ੍ਹੇ ਕੁਰਾਨ।
ਵਿੱਚ ਮਸੀਤ ਦੇ ਲੱਗੀਆਂ, ਜਾਣੇ ਕੁਲ ਜਹਾਨ।

ਉਨ੍ਹਾਂ ਦੇ ਇਸ਼ਕ ਦਾ ਭੇਦ ਖੁੱਲ੍ਹ ਜਾਣ 'ਤੇ ਉਸ ਨੂੰ ਵਾਪਸ ਆਪਣੇ ਪਿੰਡ ਭੇਜ ਦਿੱਤਾ ਜਾਂਦਾ ਹੈ। ਓਧਰ ਸਾਹਿਬਾਂ ਦੀ ਮੰਗਣੀ ਚੰਧੜਾਂ ਦੇ ਤਾਹਿਰ ਖ਼ਾਨ ਨਾਲ ਕਰ ਦਿੱਤੀ ਜਾਂਦੀ ਹੈ। ਵਿਆਹ ਵਿੱਚ ਤਿੰਨ ਦਿਨ ਬਾਕੀ ਸਨ ਕਿ ਸਾਹਿਬਾਂ ਕਰਮੂੰ ਬ੍ਰਾਹਮਣ ਹੱਥ ਸੁਨੇਹਾ ਭੇਜਦੀ ਹੈ ਕਿ ਉਹ ਆ ਕੇ ਉਸ ਨੂੰ ਲੈ ਜਾਵੇ। ਸੁਨੇਹਾ ਮਿਲਣ 'ਤੇ ਮਿਰਜ਼ਾ ਸਾਹਿਬਾਂ ਨੂੰ ਲਿਆਉਣ ਲਈ ਤਿਆਰ ਹੋ ਜਾਂਦਾ ਹੈ। ਅਗਲੇ ਦਿਨ ਉਸ ਦੀ ਭੈਣ ਛਹਿਤੀ ਦੀ ਸ਼ਾਦੀ ਹੋਣੀ ਹੈ। ਉਹ ਉਸ ਨੂੰ ਰੁਕਣ ਲਈ ਕਹਿੰਦੀ ਹੈ :

"ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਛਹਿਤੀ ਕਰੇ ਜਵਾਬ
'ਹਟ ਕੇ ਬੈਠੀਂ' ਮਿਰਜ਼ਿਆ, ਘਰ ਵਿੱਚ ਕਰੀਂ ਸਲਾਹ।
ਅਤੇ ਪਲੰਘ 'ਤੇ ਬਹਿ ਕੇ, ਮੇਰਾ ਹੱਥੀਂ ਕਾਜ ਸੰਵਾਰ।
ਭਲਕੇ ਆਉਣਗੇ ਭੱਟੀ ਸੰਦਲ ਬਾਰ ਦੇ, ਸਾਹਿਬਾਂ ਸੰਡੇ ਬਾਰ॥" ।2 ।

ਪਰ ਮਿਰਜ਼ੇ ਦਾ ਕਹਿਣਾ ਹੈ :

ਮੇਰਾ ਜਾਣ ਜ਼ਰੂਰ ਦਾ ਪਿੱਛੇ ਭਾਈ ਚਾਰ।
ਅੱਛੀ ਕਰਨ ਆਪਣੇ ਨੱਕ ਨੂੰ, ਨਹੀਂ ਖਰਲਾਂ ਨੂੰ ਆਊ ਹਾਰ।
ਮੇਰਾ ਜਾਣਾ ਜ਼ਰੂਰ ਦਾ, ਜਾਂਦੇ ਨੂੰ ਹੋੜ ਨਾ ਪਾ।

ਇੰਜ ਮਿਰਜ਼ਾ ਨਹੀਂ ਚਾਹੁੰਦਾ ਕਿ ਸਾਹਿਬਾਂ ਨੂੰ ਚੰਧੜ ਵਿਆਹ ਖੜਨ ਅਤੇ ਖਰਲਾਂ ਨੂੰ ਹਾਰ ਆਵੇ। ਉਸ ਲਈ ਕਬੀਲੇ ਦੀ ਅਣਖ ਸਭ ਤੋਂ ਵੱਧ ਪਿਆਰੀ ਹੈ।

ਮਿਰਜ਼ੇ ਦੀ ਮਾਂ ਵੀ ਮਿਰਜ਼ੇ ਨੂੰ ਔਰਤ ਦੀ ਖ਼ਾਤਰ ਆਪਣੀ ਜਾਨ ਨਾ ਗਵਾਉਣ ਦਾ ਸਬਕ ਦਿੰਦੀ ਹੈ :

ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਮੱਤਾਂ ਦੇਵੇ ਮਾਂ।
ਬੁਰੇ ਸਿਆਲਾਂ ਦੇ ਮਾਮਲੇ, ਬੁਰੀ ਸਿਆਲਾਂ ਦੀ ਰਾਹ।
ਬੁਰੀਆਂ ਸਿਆਲਾਂ ਦੀਆਂ ਔਰਤਾਂ, ਲੈਂਦੀਆਂ ਜਾਦੂ ਪਾ।
ਕੱਢ ਕਲੇਜੇ ਖਾਂਦੀਆਂ, ਮੇਰੇ ਝਾਟੇ ਤੇਲ ਨਾ ਪਾ।
ਰੰਨ ਦੀ ਖ਼ਾਤਿਰ ਚਲਿਐਂ, ਆਵੇਂ ਜਾਨ ਗਵਾ।
ਆਖੇ ਮੇਰੇ ਲੱਗ ਜਾ ਅੱਗੇ ਪੈਰ ਨਾ ਪਾ॥ 4॥

ਮਿਰਜ਼ੇ ਦਾ ਪਿਉ ਵੰਝਲ ਵੀ ਉਸ ਨੂੰ ਅਜਿਹੀ ਹੀ ਨਸੀਹਤ ਦਿੰਦਾ ਹੈ :

ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਵੰਝਲ ਦਿੰਦਾ ਮੱਤ।
ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ।
ਹੱਸ ਕੇ ਲਾਉਂਦੀਆਂ ਯਾਰੀਆਂ, ਰੋ ਕੇ ਦਿੰਦੀਆਂ ਦੱਸ।
ਜਿਸ ਘਰ ਲਾਈ ਦੋਸਤੀ, ਮੂਲ ਨਾ ਘੱਤੇਂ ਲੱਤ।
ਲੱਥੀ ਹੱਥ ਨਾ ਆਵੰਦੀ, ਦਾਨਿਸ਼ਮੰਦਾਂ ਦੀ ਪੱਤ।
ਸਾਹਿਬਾਂ ਆਈਂ ਨਾ ਛੱਡ ਕੇ, ਸਿਰ ਨਾ ਰਹੂ ਸਾਡੀ ਪੱਤ।

ਪਰ ਮਿਰਜ਼ਾ ਬਹਾਦਰ ਤੇ ਸੱਚਾ ਆਸ਼ਕ ਹੈ, ਇਸ ਲਈ ਉਸ ਦਾ ਉੱਤਰ ਬੜਾ ਤਰਕ ਸੰਗਤ ਹੈ :

ਵਿਆਹੀ ਹੋਵੇ ਛੱਡ ਦੇਵਾਂ, ਮੰਗ ਨਾ ਛੱਡੀ ਜਾ।
ਜੇਕਰ ਮੰਗ ਮੈਂ ਛੱਡ ਦੇਵਾਂ, ਲੱਗੇ ਖਰਲਾਂ ਨੂੰ ਲਾਜ।

ਇਸ ਤਰ੍ਹਾਂ ਮਿਰਜ਼ਾ ਮੌਤ ਨਾਲੋਂ ਅਣਖ ਨੂੰ ਤਰਜੀਹ ਦਿੰਦਾ ਹੈ। ਉਸ ਦੀ ਮੰਗ ਕੋਈ ਵਿਆਹ ਖੜ੍ਹੇ, ਇਹ ਇੱਕ ਅਣਖੀ ਪੰਜਾਬੀ ਨੌਜਵਾਨ ਨੂੰ ਕਿਵੇਂ ਪ੍ਰਵਾਨ ਹੋ ਸਕਦਾ ਹੈ? ਉਹ ਤਾਂ ਸਗੋਂ ਮਾਂ ਨੂੰ ਕਹਿੰਦਾ ਹੈ ਕਿ ਉਸ ਨੂੰ ਤਾਂ ਖੁਸ਼ੀ ਹੋਵੇਗੀ ਕਿ ਮਰਨ ਪਿੱਛੋਂ ਉਨ੍ਹਾਂ ਦੀ ਕਹਾਣੀ ਜੱਗ ਵਿੱਚ ਚਰਚਾ ਦਾ ਵਿਸ਼ਾ ਬਣੇ :

ਪੁੱਤ ਮਿਰਜ਼ਾ ਨੂੰਹ ਸਾਹਿਬਾਂ, ਸਾਡੀ ਟੁਰਨੀ ਜੱਗ ਵਿੱਚ ਵਾਰ।

ਉਸ ਬਹਾਦਰ ਨੌਜਵਾਨ ਨੂੰ ਆਪਣੀ ਮੌਤ ਦੀ ਕੋਈ ਚਿੰਤਾ ਨਹੀਂ। ਉਹ ਤਾਂ ਬਾਕੀਆਂ ਨੂੰ ਵੀ ਉਸ ਦੀ ਮੌਤ ਦਾ ਫ਼ਿਕਰ ਨਾ ਕਰਨ ਲਈ ਕਹਿੰਦਾ ਹੈ :

ਆਪਣੀ ਮੌਤ ਮੈਂ ਮਰਾਂ, ਮੇਰੇ ਨਾਲ ਤੁਹਾਨੂੰ ਕੀ?

ਇਸ ਦਾ ਕਾਰਨ ਉਸ ਦਾ ਸਾਹਿਬਾਂ ਪ੍ਰਤੀ ਅਥਾਹ ਪ੍ਰੇਮ ਹੈ। ਉਹ ਸਾਹਿਬਾਂ ਨੂੰ ਆਪਣਾ ਸਭ ਕੁਝ ਅਰਪਿਤ ਕਰ ਚੁੱਕਾ ਹੈ। ਇਸ ਲਈ ਉਹ ਉਸ ਦੇ ਇਸ਼ਕ ਵਿੱਚ ਜ਼ਹਿਰ ਦਾ

ਪਿਆਲਾ ਪੀਣ ਨੂੰ ਵੀ ਤਿਆਰ ਹੈ। ਬਰਛੀ ਖਾ ਕੇ ਵੀ ਸੀ ਨਾ ਕਰਨ ਵਾਲਾ ਹੈ :

ਕੱਢ ਕਲੇਜਾ ਲੈ ਗਈ, ਖ਼ਾਨ ਖੀਵੇ ਦੀ ਧੀ।
ਗਜ਼ ਗਜ਼ ਲੰਮੀਆਂ ਮੀਂਢੀਆਂ, ਰੰਗ ਜੋ ਗੋਰਾ ਸੀ।
ਜੇ ਦੇਵੇ ਪਿਆਲਾ ਜ਼ਹਿਰ ਦਾ, ਮੈਂ ਮਿਰਜ਼ਾ ਲੈਂਦਾ ਪੀ।
ਜੇ ਮਾਰੇ ਬਰਛੀ ਕੱਸਕੇ, ਮਿਰਜ਼ਾ ਕਦੀ ਨਾ ਕਰਦਾ ਸੀ।

ਉਸ ਦੇ ਤੁਰਨ ਸਮੇਂ ਕਈ ਬਦ-ਸ਼ਗਨੀਆਂ ਹੁੰਦੀਆਂ ਹਨ, ਪਰ ਸਿਰਫ਼ੀ ਮਿਰਜ਼ਾ ਇਨ੍ਹਾਂ ਦੀ ਪ੍ਰਵਾਹ ਨਾ ਕਰਦਾ ਹੋਇਆ, ਸਾਹਿਬਾਂ ਪਾਸ ਆ ਪਹੁੰਚਦਾ ਹੈ। ਉਹ ਉਸ ਨੂੰ ਉਧਾਲ ਕੇ ਦਾਨਾਬਾਦ ਨੂੰ ਰਵਾਨਾ ਹੋ ਜਾਂਦਾ ਹੈ। ਰਸਤੇ ਵਿੱਚ ਉਹ ਇੱਕ ਜੰਡ ਹੇਠਾਂ ਸੌਂ ਜਾਂਦਾ ਹੈ। ਸਾਹਿਬਾਂ ਉਸ ਨੂੰ ਭਰਾਵਾਂ ਦੀ ਬਹਾਦਰੀ ਅਤੇ ਚੰਧੜਾਂ ਦਾ ਡਰ ਪਾ ਕੇ ਉੱਥੋਂ ਨੱਸ ਜਾਣ ਲਈ ਕਹਿੰਦੀ ਹੈ। ਪਰ ਮਿਰਜ਼ੇ ਨੂੰ ਆਪਣੀ ਤਾਕਤ 'ਤੇ ਗੁਮਾਨ ਹੈ। ਉਹ ਸਾਹਿਬਾਂ ਨੂੰ ਕਹਿੰਦਾ ਹੈ :

ਮੇਰੇ ਉੱਪਰ ਨਾ ਕੋਈ ਦੀਹਦਾ ਸੂਰਮਾ, ਜਿਹੜਾ ਮੇਰੇ ਪੁਰ ਵਾਰ ਕਰੇ।
ਮਾਰ ਕੋਹਾਂ ਤੇਰੇ ਜਿੰਨੇ ਨੇ, ਪਾਸ ਤੇਰੇ ਵੀਰ ਖੜੇ।
ਝਟ ਕੁ ਝੂਟਾ ਜੰਡ ਹੇਠ ਲੈਣ ਦੇ, ਮੁੜ ਜਿਹੜੀ ਰੱਬ ਕਰੇ।
ਅੱਜ ਦੀ ਘੜੀ ਸੌਂ ਲੈਣ ਦੇ, ਦੂਜੀ ਘੜੀ ਵੜਾਂ ਦਾਨਾਬਾਦ।

ਸਾਹਿਬਾਂ ਜਗਾਉਂਦੀ ਹੋਈ ਫਿਰ ਕਹਿੰਦੀ ਹੈ :

ਜੇ ਨਾ ਸੀ ਤੋੜ ਨਿਭਾਉਣੀ, ਮੇਰੀ ਕਾਹਨੂੰ ਪਕੜੀ ਬਾਂਹ।
ਬਚਾਅ ਕਰੇਂਦੇ ਆਸ਼ਿਕਾ, ਨਾ ਅੱਗੇ ਮਿਲਣਾ ਤੈਨੂੰ ਥਾਂ।

ਪਰ ਹੰਕਾਰੀ ਮਿਰਜ਼ਾ ਉਸ ਦੀ ਨਸੀਹਤ ਦੀ ਕੋਈ ਪਰਵਾਹ ਨਹੀਂ ਕਰਦਾ। ਸਗੋਂ ਉਤਰ ਦਿੰਦਾ ਹੈ :

ਮਿਰਜ਼ਾ ਆਖੇ ਕੋਈ ਨਾ ਦੀਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
ਕਟਕ ਭਿੜ੍ਹਾ ਦਿਆਂ ਟੱਕਰੀ, ਮੈਥੋਂ ਭੀ ਰਾਠ ਡਰੇ।
ਵਲ ਵਲ ਵੱਢ ਦੇਊਂ ਸੂਰਮੇਂ, ਜਿਉਂ ਖੇਤੀ ਨੂੰ ਪੈਣ ਗੜ੍ਹੇ।
ਸਿਰ ਸਿਆਲਾਂ ਦੇ ਵੱਢ ਕੇ ਸੁੱਟਾਂਗਾ ਵਿੱਚ ਰੜ੍ਹੇ।

ਉਹ ਤਾਂ ਇਹ ਵੀ ਕਹਿੰਦਾ ਹੈ ਕਿ ਉਸ ਦਾ ਨਾਂ ਕਚਹਿਰੀਆਂ ਅੰਦਰ ਵੱਜਦਾ ਹੈ, ਰਾਜੇ ਉਸ ਦਾ ਪੱਖ ਪੂਰਦੇ ਹਨ। ਉਹ ਲਾਹੌਰ ਦੇ ਸਾਰੇ ਰਸਤਿਆਂ 'ਤੇ ਕਬਜ਼ਾ ਕਰ ਸਕਦਾ ਹੈ ਤੇ ਸ਼ਹਿਰ ਵਿੱਚ ਹਲਚਲ ਮਚਾ ਸਕਦਾ ਹੈ। ਧਰਤੀ ਦੀਆਂ ਚਾਰੇ ਦਿਸ਼ਾਵਾਂ ਲੁੱਟ ਸਕਦਾ ਹੈ ਅਤੇ ਬਰਛੀਆਂ ਨਾਲ ਉੱਥਲ ਪੁੱਥਲ ਕਰ ਸਕਦਾ ਹੈ। ਉਸ ਤੋਂ ਤਾਂ ਖ਼ੁਦਾ ਵੀ ਡਰਦਾ ਹੈ। ਉਸ ਨੂੰ ਕੇਵਲ ਆਪਣੇ ਆਪ 'ਤੇ ਹੀ ਨਹੀਂ, ਸਗੋਂ ਆਪਣੀ ਘੋੜੀ 'ਤੇ ਬੜਾ ਮਾਣ ਹੈ। ਉਹ ਉਸ ਨੂੰ ਅਲੌਕਿਕ ਅਤੇ ਅਰਸ਼ੋਂ ਉਤਰੀ ਦੱਸਦਾ ਹੈ ਜਿਹੜੀ ਅਕਾਸ਼ ਵਿੱਚ ਉੱਡ ਸਕਦੀ ਹੈ :

ਬੱਕੀ ਤੋਂ ਡਰਨ ਫ਼ਰਿਸ਼ਤੇ, ਮੈਥੋਂ ਡਰੇ ਖ਼ੁਦਾ।
ਚੁੱਭੇ ਵਿੱਚ ਪਤਾਲ, ਉਡ ਕੇ ਚੜ੍ਹੇ ਆਕਾਸ਼।

ਮਿਰਜ਼ਾ ਜੰਡ ਹੇਠਾਂ ਸੌਂ ਜਾਂਦਾ ਹੈ। ਸਾਹਿਬਾਂ ਨੂੰ ਵਾਹਰ ਆਉਂਦੀ ਨਜ਼ਰ ਪੈਂਦੀ ਹੈ। ਉਸ ਨੂੰ ਆਪਣੇ ਭਰਾਵਾਂ ਦੀ ਮੌਤ ਨਜ਼ਰ ਆਉਣ ਲੱਗਦੀ ਹੈ ਤੇ ਉਹ ਤਰਕਸ਼ ਨੂੰ ਜੰਡ 'ਤੇ ਟੰਗ ਦਿੰਦੀ ਹੈ। ਵਾਹਰ ਆਉਂਦੀ ਹੈ। ਮਿਰਜ਼ਾ ਕਿਵੇਂ ਟਾਕਰਾ ਕਰੇ। ਉਹ ਸਾਹਿਬਾਂ ਨੂੰ ਕੋਸਦਾ ਹੈ :

ਮੰਦਾ ਕੀਤਾ ਸੁਣ ਸਾਹਿਬਾਂ, ਮੇਰਾ ਤਰਕਸ਼ ਟੰਗਿਆ ਜੰਡ।
ਤਿੰਨ ਸੌ ਕਾਨੀ ਮਿਰਜ਼ੇ ਜਵਾਨ ਦੀ, ਦੇਂਦਾ ਸਿਆਲਾਂ ਨੂੰ ਵੰਡ।
ਪਹਿਲਾ ਮਾਰਦਾ ਵੀਰ ਸ਼ਮੀਰ ਦੇ, ਦੂਜੀ ਕੁੱਲੇ ਦੇ ਤੰਗ।
ਤੀਜੀ ਮਾਰਾਂ ਜੋੜ ਕੇ, ਜਿਹਦੀ ਹੈਂ ਤੂੰ ਮੰਗ।

ਸਿਆਲ ਅਤੇ ਚੰਧੜ ਮਿਰਜ਼ੇ ਨੂੰ ਤੀਰਾਂ ਨਾਲ ਵਿੰਨ੍ਹ ਦਿੰਦੇ ਹਨ। ਪੀਲੂ ਕਹਿੰਦਾ ਹੈ ਕਿ ਭਰਾਵਾਂ ਤੋਂ ਬਿਨਾਂ ਮਿਰਜ਼ਾ ਮਾਰਿਆ ਜਾਂਦਾ ਹੈ। ਦੂਜਾ ਉਸ ਦਾ ਹੰਕਾਰ ਉਸ ਨੂੰ ਲੈ ਬੈਠਦਾ ਹੈ :

ਬਾਝ ਭਰਾਵਾਂ ਜੱਟ ਮਾਰਿਆ, ਕੋਈ ਨਾ ਮਿਰਜ਼ੇ ਦੇ ਸੰਗ।
ਮਿਰਜ਼ਾ ਮਾਰਿਆ ਮਲਕੁਲ ਮੌਤ ਨੇ, ਕੁਝ ਮਾਰਿਆ ਉਹਨੂੰ ਗੁਮਾਨ।

ਪੀਲੂ ਨੇ ਮਿਰਜ਼ੇ ਨੂੰ ਇੱਕ ਚੰਗਾ ਨਿਸ਼ਾਨੇਬਾਜ਼ ਵੀ ਵਿਖਾਇਆ ਹੈ :

ਮਿਰਜ਼ੇ ਆਉਂਦਾ ਵੇਖਿਆ, ਸਾਹਿਬਾਂ ਦਾ ਵੀਰ ਸ਼ਮੀਰ।
ਤੇ ਮਿਰਜ਼ੇ ਨੇ ਗੋਸ਼ੇ ਵਿੱਚੋਂ ਕੱਢਿਆ, ਕਰੜੇ ਨੁੱਕੇ ਦਾ ਤੀਰ।
ਕਰ ਬਿਸਮਿੱਲਾਹ ਮਾਰਿਆ, ਭੌਂਦ ਵਾਂਗ ਭੰਬੀਰ।
ਘੋੜੀ ਉੱਤੋਂ ਲਾਹ ਲਿਆ, ਸਾਹਿਬਾਂ ਦਾ ਵੀਰ ਸ਼ਮੀਰ।

ਉਪਰੋਕਤ ਚਰਚਾ ਤੋਂ, ਮਿਰਜ਼ੇ ਵਿੱਚ ਉਹ ਸਾਰੇ ਲੱਛਣ ਰੂਪਮਾਨ ਹੋ ਜਾਂਦੇ ਹਨ ਜਿਹੜੇ ਕਿ ਇੱਕ ਨਾਇਕ ਵਿੱਚ ਹੋਣੇ ਚਾਹੀਦੇ ਹਨ। ਨਾਇਕ ਵਿੱਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ :[4]

(ਉ) ਤਿਆਗ ਕਰਨ ਵਾਲਾ
(ਅ) ਛੇਤੀ ਕੰਮ ਕਰਨ ਵਾਲਾ
(ਏ) ਠੀਕ ਕੰਮ ਕਰਨ ਵਾਲਾ
(ਸ) ਕੁਲੀਨ ਤੇ ਅਮੀਰ
(ਹ) ਰੂਪਮਾਨ, ਜਵਾਨ, ਉਤਸ਼ਾਹਪੂਰਨ ਤੇ ਤੇਜੱਸਵੀ।
(ਕ) ਲੋਕਾਂ ਦੀ ਪ੍ਰੇਮ ਸ਼ਰਧਾ ਦਾ ਪਾਤਰ
(ਖ) ਚਤੁਰ
(ਗ) ਸੁਸ਼ੀਲ

ਮਿਰਜ਼ਾ ਇਸ਼ਕ ਦੀ ਖ਼ਾਤਰ ਪਰਵਾਰ ਸਮੇਤ ਸਭ ਕੁਝ ਤਿਆਗ ਹੀ ਨਹੀਂ ਦਿੰਦਾ, ਸਗੋਂ ਆਪਣੀ ਜਾਨ ਵੀ ਕੁਰਬਾਨ ਕਰ ਦਿੰਦਾ ਹੈ। ਉਸ ਦਾ ਸੰਬੰਧ ਵੀ ਚੰਗੇ ਘਰਾਣੇ ਨਾਲ ਹੈ ਤੇ ਆਪ ਵੀ ਖਰਲਾਂ ਦਾ ਸਰਦਾਰ ਹੈ। ਉਹ ਸੁਹਣਾ, ਜਵਾਨ ਤੇ ਉਤਸ਼ਾਹ ਭਰਪੂਰ ਹੈ। ਬਾਵਾ ਬੁੱਧ ਸਿੰਘ ਅਨੁਸਾਰ, "ਉਸ ਦਾ ਆਚਰਨ ਇੱਕ ਉੱਚਾ ਤੇ ਸੁੱਚਾ ਹੈ। ਜਿਥੇ ਬਹਾਦਰੀ ਤੇ ਆਨ ਸੀ, ਉਥੇ ਜ਼ੁਲਮ ਅਤੇ ਕਾਮ ਦਾ ਨਿਸ਼ਾਨ ਨਾਹੀਂ। ਜਵਾਨ ਹੋਇਆਂ ਵੀ ਮੁਟਿਆਰ ਸਾਹਿਬਾਂ ਨਾਲ ਮੇਲ ਹੋਇਆ। ਪਿਆਰ ਵੀ ਸੀ, ਇਸ਼ਕ ਵੀ ਸੀ ਪਰ ਚੋਰੀ ਵਿਸਾਲ ਨਹੀਂ ਚਾਹਿਆ। ਸਹਿਬਾਂ ਨੂੰ ਪਰਨਾ ਕੇ ਵਸਾਉਣਾ ਸੀ। ਮਾਪਿਆਂ ਦੇ ਘਰੋਂ ਕਿਉਂ ਕੱਢੀ, ਇਸ ਕਰਕੇ ਕਿ ਚੰਧੜਾਂ ਦੇ ਹੱਥ ਨਾ ਆਵੇ।"[5] ਅੰਤ ਵੇਲੇ ਜਦੋਂ ਮਿਰਜ਼ਾ ਮਰਦਾ ਹੈ ਤਾਂ ਪਾਠਕ ਦੀ ਹਮਦਰਦੀ ਉਸ ਨਾਲ ਹੋ ਜਾਂਦੀ ਹੈ।

ਮਿਰਜ਼ਾ ਹੱਠ ਮਾਸ ਦਾ ਬਣਿਆ ਲੋਕ-ਨਾਇਕ ਹੈ। ਉਹ ਅਜਿਹਾ ਨਾਇਕ ਹੈ, ਜੋ ਆਪਣੀ ਅਣਖ਼ ਖ਼ਾਤਰ ਆਪਣਾ ਆਪ ਕੁਰਬਾਨ ਕਰ ਦਿੰਦਾ ਹੈ। ਉਹ ਉਸ ਸਮੇਂ ਦੇ ਕਬੀਲੇਦਾਰੀ ਯੁੱਗ ਦੀ ਪ੍ਰਤੀਨਿਧਤਾ ਕਰਦਾ ਹੈ। ਪਿਆਰ ਨਾਲੋਂ ਉਸ ਵਿੱਚ ਅਣਖ ਦੇ ਜਜ਼ਬੇ ਦੀ ਪ੍ਰਧਾਨਤਾ ਹੈ। ਉਹ ਅਜਿਹਾ ਆਦਰਸ਼ਕ ਸੂਰਮਾ ਹੋ ਨਿਬੜਦਾ ਹੈ, ਜੋ ਆਪਣੀ ਮੰਗ ਨੂੰ ਛੱਡਣਾ ਆਪਣੀ ਹੱਤਕ ਸਮਝਦਾ ਹੈ। ਉਹ ਪੰਜਾਬੀ ਨੌਜਵਾਨਾਂ ਦੀ ਅਣਖ ਅਤੇ ਬਹਾਦਰੀ ਦਾ ਪ੍ਰਤੀਕ ਬਣ ਗਿਆ ਹੈ।

ਹਵਾਲੇ ਤੇ ਟਿੱਪਣੀਆਂ

1. 'ਮਿਰਜ਼ੇ ਦੀਆਂ ਸੱਦਾਂ' (ਸੰਪ. ਪਿਆਰਾ ਸਿੰਘ ਪਦਮ), ਪੰਨਾ 6
2. ਉਹੀ 'ਦੋ ਸ਼ਬਦ'
3. ਸੁਖਦੇਵ ਮਾਦਪੁਰੀ, 'ਨੈਣਾਂ ਦੇ ਵਣਜਾਰੇ', ਪੰਨਾ 140–144
4. 'ਪੰਜਾਬੀ ਯੂਨੀਵਰਸਿਟੀ ਪੰਜਾਬੀ ਸਾਹਿਤ ਕੋਸ਼ ਭਾਗ ਪਹਿਲਾ', ਪੰਨਾ 314
5. ਬਾਵਾ ਬੁੱਧ ਸਿੰਘ ਰਚਨਾਵਲੀ', (ਆਲੋਚਨਾ), ਜਿਲਦ ਪਹਿਲੀ, ਪੰਨਾ 444

****

ਪੀਲੂ ਦਾ ਦੁਖਾਂਤ ਬੋਧ

ਦੁਖਾਂਤ ਦਾ ਉਦਭਵ ਪੁਰਾਤਨ ਕਬੀਲਿਆਂ ਦੇ ਕਰਮਕਾਂਡਾਂ ਵਿੱਚੋਂ ਹੋਇਆ ਜਿਹੜੇ ਕਿਸੇ ਸ਼੍ਰੇਣੀ ਦੇ ਆਰਥਿਕ ਅਤੇ ਸਮਾਜਿਕ ਜੀਵਨ ਵਿੱਚ ਮਹੱਤਵਪੂਰਨ ਸਨ। ਅਜਿਹੀਆਂ ਕਿਰਤਾਂ ਦਾ ਆਮ ਵਿਸ਼ੇ ਪੁਰਾਣਿਕ, ਇਤਿਹਾਸਿਕ ਜਾਂ ਮਿਥਿਆਸਿਕ ਨਾਇਕ ਅਤੇ ਖਲਨਾਇਕ ਦੇ ਸੰਘਰਸ਼ ਨਾਲ ਸਬੰਧਿਤ ਹੁੰਦਾ ਸੀ, ਜਿਸ ਵਿੱਚ ਨਾਇਕ ਦੀ ਮੌਤ ਹੋ ਜਾਂਦੀ ਸੀ ਅਤੇ ਮੌਤ ਪਿੱਛੋਂ ਉਸ ਨੂੰ ਅਮਰ ਦਰਸਾਇਆ ਜਾਂਦਾ ਸੀ। ਮਿਥਿਆਸਿਕ ਪਾਤਰ ਓਸਿਰੀਜ਼ (Osiris), ਐਟਿਸ (Attis) ਅਤੇ ਐਡਨੋਸਿ (Adonis) ਨਾਲ ਸੰਬੰਧਿਤ ਮਿਸਰ ਅਤੇ ਸੀਰੀਆ ਵਿੱਚ ਲਿਖੇ ਦੁਖਾਂਤ ਸਭ ਤੋਂ ਪਹਿਲੇ ਦੁਖਾਂਤ ਮੰਨੇ ਜਾਂਦੇ ਹਨ। ਪੂਰਬ ਵਿੱਚ ਕੇਵਲ ਮੱਧਕਾਲੀਨ, ਜਪਾਨ ਵਿਚ ਨੋਹ (Noah) ਬਾਰੇ ਲਿਖੇ ਦੁਖਾਂਤਾਂ ਤੋਂ ਛੁੱਟ ਕੋਈ ਦੁਖਾਂਤ ਨਹੀਂ ਮਿਲਦਾ। ਯੂਰਪੀ ਦੇਸ਼ਾਂ ਵਿੱਚ ਯੂਨਾਨ ਵਿੱਚ ਸਭ ਤੋਂ ਪਹਿਲਾਂ ਦੁਖਾਂਤ ਦਾ ਵਿਕਾਸ ਹੋਇਆ, ਜਿੱਥੇ ਪ੍ਰਕ੍ਰਿਤੀ ਦੇ ਦੇਵਤਾ ਡਾਇਨੋਸਿਸ ਨਾਲ ਸੰਬੰਧਿਤ ਸਾਖੀਆਂ ਦੇ ਆਧਾਰ 'ਤੇ ਨਾਚ-ਨਾਟ ਖੇਡੇ ਜਾਂਦੇ ਅਤੇ ਨਾਲ ਹੀ ਕਬੀਲੇ ਦੇ ਕਿਸੇ ਮਹਾਨ ਨਾਇਕ ਦੀ ਮੌਤ 'ਤੇ ਸ਼ੋਕ ਨਾਟ ਖੇਡੇ ਜਾਂਦੇ।[1]

ਦੁਖਾਂਤ (Tragedy) ਸ਼ਬਦ Tragodia ਤੋਂ ਪ੍ਰਚਲਿਤ ਹੋਇਆ ਜਿਸ ਦਾ ਕੋਸ਼ਗਤ ਅਰਥ 'ਬੱਕਰੀ-ਗੀਤ' ਹੈ। ਯੂਨਾਨ ਵਿੱਚ ਡਾਉਨਿਸਸ ਦੇਵਤਾ ਨੂੰ ਖੁਸ਼ ਕਰਨ ਲਈ ਹਰ ਸਾਲ ਬਸੰਤ ਵਿੱਚ ਉਸ ਦੀ ਉਸਤਤ ਵਿੱਚ ਗੀਤ ਗਾਏ ਜਾਂਦੇ ਸਨ ਤੇ ਨਾਚ ਕੀਤਾ ਜਾਂਦਾ ਸੀ। ਇਹ ਨਾਚ ਤੇ ਗੀਤ ਹੀ ਯੂਨਾਨੀ ਨਾਟਕ ਦਾ ਮੁੱਢਲਾ ਰੂਪ ਸਨ। ਹੌਲੀ ਹੌਲੀ ਇਸ ਸੰਗੀਤ ਦਾ ਨਾਮ Tragedy ਪੈ ਗਿਆ। ਚੰਗੇ ਗੀਤ ਦੇ ਰਚਨਹਾਰ ਨੂੰ ਬੱਕਰੀ ਦਾ ਮਾਸ ਇਨਾਮ ਵਜੋਂ ਦਿੱਤਾ ਜਾਂਦਾ ਸੀ।[2] ਇਨ੍ਹਾਂ ਗੀਤਾਂ ਨਾਲ ਬੱਕਰੇ ਦੀ ਬਲੀ ਦਿੱਤੀ ਜਾਂਦੀ ਸੀ, ਜਿਸ ਕਰਕੇ ਇਹ Tragedy ਅਖਵਾਏ। ਅਰਸਤੂ ਨੇ ਦੁਖਾਂਤ ਦਾ ਸੰਬੰਧ ਉਨ੍ਹਾਂ ਨਾਟ-ਰਚਨਾਵਾਂ ਨਾਲ ਕੀਤਾ ਜਿਨ੍ਹਾਂ ਦਾ ਪਾਤਰ ਅੱਧੇ ਮਨੁੱਖ ਤੇ ਅੱਧੇ ਬੱਕਰੇ ਹੁੰਦੇ ਸਨ।[3]

ਅਰਸਤੂ ਅਨੁਸਾਰ ਦੁਖਾਂਤ ਅਜਿਹੇ ਕਾਰਜ ਦਾ ਅਨੁਕਰਨ ਜਾਂ ਨਕਲ ਹੈ ਜਿਹੜਾ ਗੰਭੀਰ ਹੋਵੇ ਪੂਰਨ ਹੋਵੇ ਅਤੇ ਨਿਸ਼ਚਿਤ ਨਤੀਜੇ ਦਾ ਹੋਵੇ। ਇਸ ਵਿੱਚ ਆਲੰਕਾਰਯੁਕਤ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੋਵੇ, ਵਰਣਾਤਮਿਕ ਦੀ ਥਾਂ ਦ੍ਰਿਸ਼ਾਤਮਿਕ ਹੋਵੇ, ਜਿਹੜਾ ਕਰੁਣਾ ਅਤੇ ਭੈ ਦੇ ਭਾਵ ਉਜਾਗਰ ਕਰਕੇ ਦਰਸ਼ਕਾਂ ਦੇ ਮਨੋਵਿਕਾਰਾਂ ਦਾ ਉਚਿਤ ਸੁਧਾਰ ਕਰ ਸਕੇ ਅਰਥਾਤ ਵਿਰੇਚਨ ਜਾਂ ਕਥਾਰਟਿਕ ਪ੍ਰਭਾਵ ਪਾ ਸਕੇ ਅਤੇ ਇਨ੍ਹਾਂ ਭਾਵਾਂ ਨਾਲ ਦਰਸ਼ਕਾਂ ਵਿੱਚੋਂ ਭੈ ਅਤੇ ਕਰੁਣਾ ਦਾ ਨਿਕਾਸ ਕਰ ਸਕੇ।[4] ਅਰਸਤੂ ਅਨੁਸਾਰ, ਦੁਖਾਂਤ ਦੇ ਛੇ ਅੰਗ ਹੁੰਦੇ ਹਨ : ਕਥਾਨਕ, ਚਰਿੱਤਰ-ਚਿਤਰਨ, ਪਦ-ਰਚਨਾ (ਸ਼ੈਲੀ), ਵਿਚਾਰ ਤੱਤ, ਦ੍ਰਿਸ਼ ਵਿਧਾਨ ਤੇ ਗੀਤ।[5] ਇਨ੍ਹਾਂ ਵਿੱਚੋਂ ਸਭ ਤੋਂ ਵੱਧ ਮਹੱਤਾ ਅਰਸਤੂ ਨੇ ਕਥਾਨਕ ਨੂੰ

ਦਿੱਤੀ ਹੈ। ਉਸ ਨੇ ਇਸ ਨੂੰ ਦੁਖਾਂਤ ਦੀ ਆਤਮਾ ਮੰਨਿਆ ਹੈ। ਇਸ ਨੂੰ ਉਸ ਨੇ ਘਟਨਾਵਾਂ ਦਾ ਸੰਗ੍ਰਹਿ ਕਿਹਾ ਹੈ। ਕਥਾਨਕ ਦੇ ਗੁਣਾਂ ਵਿਚੋਂ ਪਹਿਲਾ ਗੁਣ ਇਸ ਦਾ ਇਕਹਿਰਾਪਨ ਹੈ, ਅਰਥਾਤ ਇਕਹਿਰਾ ਕਾਰਜ ਹੀ ਇਸ ਦਾ ਆਧਾਰ ਹੋਵੇ, ਹਰੇਕ ਘਟਨਾ ਇਸ ਕਾਰਜ ਦਾ ਅਨਿਖੜਵਾਂ ਤੇ ਜ਼ਰੂਰੀ ਹਿੱਸਾ ਹੋਵੇ। ਦੂਸਰਾ ਗੁਣ ਕਥਾ ਵਸਤੂ ਦੀ ਪੂਰਨਤਾ ਹੈ, ਭਾਵ ਉਸ ਦਾ ਆਦਿ, ਮੱਧ ਅਤੇ ਅੰਤ ਹੋਵੇ। ਤੀਜਾ ਗੁਣ ਸੰਭਵਿਤਾ ਹੈ ਅਰਥਾਤ ਜੋ ਹੋ ਚੁੱਕਿਆ ਹੈ ਅਤੇ ਜੋ ਹੋ ਸਕਦਾ, ਉਹ ਇਸ ਵਿੱਚ ਸ਼ਾਮਲ ਹਨ ਅਤੇ ਜੋ ਨਹੀਂ ਹੋ ਸਕਦਾ, ਉਹ ਨਹੀਂ। ਚੌਥਾ ਗੁਣ ਕਥਾਨਕ ਦੇ ਹਰੇਕ ਅੰਗ ਦਾ ਵਿਕਾਸ ਸਹਿਜ ਰੂਪ ਨਾਲ ਹੋਣਾ ਚਾਹੀਦਾ ਹੈ। ਪੰਜਵਾਂ ਗੁਣ ਹੈ ਲਟਕਾ, ਜਿਸ ਲਈ ਘਟਨਾਵਾਂ ਦੀ ਚਾਣਚੱਕਤਾ ਜ਼ਰੂਰੀ ਹੈ, ਪਰ ਨਾਲ ਹੀ ਇਨ੍ਹਾਂ ਵਿੱਚ ਕਾਰਜ ਕਾਰਨ ਦਾ ਸੰਬੰਧ ਸਥਾਪਤ ਕਰਨਾ ਅਤਿ ਆਵਸ਼ਕ ਹੈ ਅਤੇ ਛੇਵਾਂ ਗੁਣ ਹੈ ਕਥਾ-ਵਸਤੂ ਦੀ ਸਰਵ-ਸਧਾਰਨ, ਦੇਸ਼ ਕਾਲ ਦੇ ਬੰਧਨਾਂ ਤੋਂ ਮੁਕਤ ਅਤੇ ਸਰਵ-ਪ੍ਰਿਯ ਰੂਪ ਰੇਖਾ।[6]

ਦੁਖਾਂਤ ਦਾ ਦੂਜਾ ਅੰਗ ਚਰਿੱਤਰ-ਚਿਤਰਨ ਹੈ, ਅਰਸਤੂ ਅਨੁਸਾਰ, ਦੁਖਾਂਤ ਦੇ ਨਾਇਕ ਦਾ ਚਰਿੱਤਰ ਮਹਾਨ ਹੋਣਾ ਚਾਹੀਦਾ ਹੈ ਤਾਂ ਜੋ ਉਸ ਦੇ ਦੁਖਮਈ ਜੀਵਨ ਪ੍ਰਤਿ ਦਰਸ਼ਕਾਂ ਦੇ ਮਨ ਵਿੱਚ ਸਹਾਨਭੂਤੀ ਪੈਦਾ ਹੋ ਸਕੇ। ਪਾਤਰ ਦੇ ਚਰਿੱਤਰ-ਚਿਤਰਨ ਸਮੇਂ ਉਸ ਦੀ ਪ੍ਰਕ੍ਰਿਤੀ, ਜਾਤੀ ਜਾਂ ਸ਼੍ਰੇਣੀਗਤ ਵਿਸ਼ੇਸ਼ਤਾਵਾਂ ਦਾ ਧਿਆਨ ਰੱਖਣ ਦੀ ਲੋੜ ਹੈ। ਚਰਿੱਤਰ ਜੀਵਨ ਦੇ ਅਨੁਰੂਪ ਹੋਣਾ ਚਾਹੀਦਾ ਹੈ। ਚਰਿੱਤਰ ਸਧਾਰਨ ਨਹੀਂ ਹੋਣਾ ਚਾਹੀਦਾ। ਇਸ 'ਚ ਸੌਂਦਰਯ ਤੇ ਖਿੱਚ ਹੋਣੀ ਚਾਹੀਦੀ ਹੈ। ਅਰਸਤੂ ਅਨੁਸਾਰ ਦੁਖਾਂਤ ਦਾ ਨਾਇਕ ਮਾਨਵੀ ਭਾਵਨਾਵਾਂ ਦਾ ਮਾਲਕ ਹੋਣਾ ਚਾਹੀਦਾ ਹੈ ਤਾਂ ਜੋ ਦਰਸ਼ਕਾਂ ਨਾਲ ਉਸ ਦੀ ਇਕਸੁਰਤਾ ਪੈਦਾ ਹੋ ਸਕੇ। ਉਹ ਅਤਿਅੰਤ ਪ੍ਰਭਾਵਸ਼ਾਲੀ ਅਤੇ ਕੁਲੀਨ ਪੁਰਸ਼ ਹੋਵੇ। ਰਾਜ ਪਰਵਾਰ ਜਾਂ ਸਾਮੰਤ-ਪਰਵਾਰ ਦਾ ਵਿਅਕਤੀ ਹੋਵੇ। ਉਸ ਦੇ ਸੁਭਾਅ ਵਿੱਚ ਕੋਈ ਨਾ ਕੋਈ ਕਮਜ਼ੋਰੀ ਦਾ ਹੋਣਾ ਅਤਿ ਜ਼ਰੂਰੀ ਹੈ ਤਾਂ ਹੀ ਉਹ ਦੁਰਭਾਗ ਦਾ ਸ਼ਿਕਾਰ ਬਣੇਗਾ।[7]

ਅਰਸਤੂ ਨੇ ਦੁਖਾਂਤ ਦੇ ਅੰਗਾਂ ਵਿੱਚ ਤੀਜਾ ਸਥਾਨ ਵਿਚਾਰ ਤੱਤ ਨੂੰ ਦਿੱਤਾ ਹੈ। ਦੁਖਾਂਤ ਦੇ ਚੌਥੇ ਅੰਗ ਭਾਸ਼ਾ-ਸ਼ੈਲੀ ਸੰਬੰਧੀ ਅਰਸਤੂ ਦਾ ਵਿਚਾਰ ਹੈ ਕਿ ਇਹ ਅਲੰਕ੍ਰਿਤ ਹੋਵੇ ਜਿਸ ਵਿੱਚ ਲੈਅ, ਸੁਮੇਲ ਅਤੇ ਗੀਤ ਦੇ ਅੰਸ਼ ਹੋਣ। ਪੰਜਵੇਂ ਅੰਗ ਗੀਤ ਨੂੰ ਉਸ ਨੇ ਦੁਖਾਂਤ ਦਾ ਅਨਿਖੜਵਾਂ ਅੰਗ ਮੰਨਿਆ ਹੈ। ਛੇਵੇਂ ਅੰਗ ਦ੍ਰਿਸ਼ ਵਿਧਾਨ ਨੂੰ ਉਸ ਨੇ ਸਭ ਤੋਂ ਘੱਟ ਕਲਾਤਮਿਕ ਮੰਨਿਆ ਹੈ, ਕਿਉਂਕਿ ਇੱਕ ਤਾਂ ਇਹ ਕਵੀ ਦੀ ਅਪੇਖਿਆ ਮੰਚ-ਸ਼ਿਲਪੀ ਦੀ ਕਲਾ ਉੱਤੇ ਨਿਰਭਰ ਹੁੰਦਾ ਹੈ ਅਤੇ ਦੂਜੇ ਇਸ ਤੋਂ ਬਗੈਰ ਵੀ ਦੁਖਾਂਤ ਦੇ ਪ੍ਰਬਲ ਪ੍ਰਭਾਵ ਦੀ ਅਨੁਭੂਤੀ ਸੰਭਵ ਹੈ ਅਰਥਾਤ ਦੁਖਾਂਤ ਦੇ ਮੂਲ ਪ੍ਰਭਾਵ ਲਈ ਇਸ ਦੀ ਖਾਸ ਲੋੜ ਨਹੀਂ ਹੈ।[8]

ਦੁਖਾਂਤ ਦਾ ਨਾਇਕ ਸਧਾਰਨ ਤੋਂ ਕੁਝ ਉੱਚਾ ਹੁੰਦਾ ਹੈ ਜੋ ਅਜਿਹੀ ਗ਼ਲਤੀ ਕਰ ਬੈਠਦਾ ਹੈ ਜਿਹੜੀ ਉਸ ਦੇ ਮੌਤ ਦਾ ਕਾਰਨ ਬਣ ਜਾਂਦੀ ਹੈ। ਉਸ ਨੂੰ ਭੁੱਲ ਦੀ ਤੁਲਨਾ

ਵਿੱਚ ਵਧੇਰੇ ਦੁੱਖ ਝੱਲਣੇ ਪੈਂਦੇ ਹਨ। ਜਿਸ ਕਾਰਨ ਦਰਸ਼ਕਾਂ ਦੇ ਮਨ ਵਿਚ ਉਸ ਪ੍ਰਤੀ ਵੈਰਾਗ ਪੈਦਾ ਹੁੰਦਾ ਹੈ। ਉੱਚੇ ਗੁਣਾਂ ਦਾ ਧਾਰਨੀ ਹੋਣ ਕਰਕੇ ਹੀ, ਉਹ ਆਪਣੇ ਆਦਰਸ਼ ਲਈ ਜੂਝਦਾ ਹੈ। ਉਹ ਆਪਣੀ ਜਾਨ ਦੇ ਦਿੰਦਾ ਹੈ ਪਰ ਆਦਰਸ਼ਾਂ ਤੋਂ ਪਿੱਛੇ ਨਹੀਂ ਹਟਦਾ। ਇਨ੍ਹਾਂ ਗੁਣਾਂ ਕਰਕੇ ਹੀ ਦੁਖਾਂਤ ਨੂੰ ਇੱਕ ਉੱਤਮ ਕਲਾ ਮੰਨਿਆ ਗਿਆ ਹੈ।

ਪੀਲੂ ਦਾ ਕਿੱਸਾ 'ਮਿਰਜ਼ਾ ਸਾਹਿਬਾਂ' ਪਹਿਲਾ ਕਿੱਸਾ ਹੈ ਜਿਸ ਦਾ ਅੰਤ ਦੁਖਾਂਤਿਕ ਹੈ। ਉਸ ਤੋਂ ਪਹਿਲਾਂ ਦਮੋਦਰ ਨੇ 'ਹੀਰ ਰਾਂਝੇ' ਦੇ ਕਿੱਸੇ ਨੂੰ ਸੁਖਾਂਤ ਵਿੱਚ ਲਿਖਿਆ ਪੀਲੂ ਤੋਂ ਪਿੱਛੋਂ ਹਾਫ਼ਿਜ਼ ਬਰਖ਼ੁਰਦਾਰ ਨੇ 'ਯੂਸਫ਼ ਜ਼ੁਲੈਖਾ', 'ਸੱਸੀ ਪੁੰਨੂੰ' ਤੇ 'ਮਿਰਜ਼ਾ ਸਾਹਿਬਾਂ' ਕਿੱਸੇ ਦੁਖਾਂਤ ਵਿੱਚ ਲਿਖ ਕੇ ਇਸ ਪਰੰਪਰਾ ਨੂੰ ਅੱਗੇ ਤੋਰਿਆ।

ਮਿਰਜ਼ਾ ਸਾਹਿਬਾਂ ਦਾ ਕਿੱਸਾ ਇਸ਼ਕੀਆ ਕਿੱਸਾ ਹੈ। 'ਇਸ਼ਕ' ਦੀ ਪ੍ਰਕ੍ਰਿਤੀ ਵਿੱਚ ਹੀ ਦੁਖਾਂਤ ਦਾ ਤੱਤ ਸਮਾਇਆ ਹੋਇਆ ਹੈ। ਇਸ਼ਕ ਦੇ ਕੋਸ਼ਗਤ ਅਰਥ ਹਨ : ਮੁਹੱਬਤ, ਉਲਫ਼ਤ, ਚਾਹਿਤ, ਕਿਸੇ ਚੀਜ਼ ਦੀ ਖ਼ਾਹਿਸ਼ ਕਰਨਾ ਜਾਂ ਕਿਸੇ ਵਸਤੂ ਨਾਲ ਹੱਦੋਂ ਵੱਧ ਪਿਆਰ ਹੋਣਾ। ਹਿਕਮਤ ਜਾਂ ਤਿੱਬ ਵਿੱਚ ਇਹ ਇਕ ਕਿਸਮ ਦਾ ਰੋਗ ਹੈ, ਜਿਸ ਨੂੰ 'ਜਨੂੰਨ' ਜਾਂ 'ਪਾਗਲਪਨ' ਵੀ ਕਹਿੰਦੇ ਹਨ, ਜਿਹੜਾ ਕਿਸੇ ਸੁੰਦਰ ਸੂਰਤ ਨੂੰ ਵੇਖਣ ਨਾਲ ਪੈਦਾ ਹੁੰਦਾ ਹੈ। ਅਰਥਾਤ ਕਿਸੇ ਹੁਸੀਨ ਸ਼ੈਅ ਨੂੰ ਦੇਖ ਕੇ ਸ਼ੁਦਾਈ ਹੋ ਜਾਣ ਨੂੰ 'ਇਸ਼ਕ' ਕਹਿੰਦੇ ਹਨ। ਇਸ਼ਕ ਸ਼ਬਦ ਨੂੰ 'ਇਸ਼ਕਾ' ਵਿੱਚੋਂ ਨਿਕਲਿਆ ਵੀ ਦੱਸਿਆ ਜਾਂਦਾ ਹੈ, ਜੋ ਇੱਕ ਬੂਟੀ ਦਾ ਨਾਮ ਹੈ ਜਿਸ ਨੂੰ 'ਲਬਲਾਬ' ਜਾਂ ਅਮਰਵੇਲ' ਵੀ ਕਹਿੰਦੇ ਹਨ। ਜਦ ਉਹ ਬੂਟੀ ਕਿਸੇ ਰੁੱਖ ਨਾਲ ਚੰਬੜਦੀ ਜਾਂ ਲਿਪਟਦੀ ਹੈ ਤਾਂ ਉਸ ਨੂੰ ਸੁਕਾ ਦਿੰਦੀ ਹੈ। ਇਹੋ ਹਾਲਤ ਇਸ਼ਕ ਦੀ ਹੈ। ਇਹ ਜਿਸ ਦਿਲ 'ਤੇ ਛਾ ਜਾਂਦਾ ਹੈ, ਉਸ ਦੇ ਮਾਲਕ ਨੂੰ ਸੁਕਾ ਦਿੰਦਾ ਹੈ ਤੇ ਉਸ ਨੂੰ ਪੀਲਾ ਕਰ ਦਿੰਦਾ ਹੈ।[9]

ਇਸ਼ਕ ਤੇ ਹੁਸਨ ਦਾ ਗੂੜ੍ਹਾ ਸੰਬੰਧ ਹੈ। ਇਸੇ ਲਈ ਕਿੱਸੇਕਾਰਾਂ ਨੇ ਸੁੰਦਰਤਾ ਦੇ ਵਰਣਨ ਉੱਤੇ ਸਭ ਤੋਂ ਵੱਧ ਬਲ ਦਿੱਤਾ ਹੈ। ਕਿੱਸਾ ਨਾਇਕ ਫਰਿਸ਼ਤਿਆਂ ਤੋਂ ਘੱਟ ਨਹੀਂ ਤੇ ਨਾਇਕਾਵਾਂ ਪਰੀਆਂ ਅਤੇ ਅਪੱਸਰਾਵਾਂ ਤੋਂ ਵੀ ਸੁੰਦਰ ਹਨ। ਲੌਕਿਕ ਪਾਤਰ ਹੋਣ ਦੇ ਬਾਵਜੂਦ ਵੀ ਇਨ੍ਹਾਂ ਦੀ ਸੁੰਦਰਤਾ ਨੂੰ ਅਲੌਕਿਕ ਪੱਧਰ 'ਤੇ ਚਿਤਰਿਆ ਗਿਆ ਹੈ। ਸਾਹਿਬਾਂ ਏਨੀ ਸੁੰਦਰ ਹੈ ਕਿ ਉਸ ਨੂੰ ਵੇਖਣ ਵਾਲਾ ਆਪਣੀ ਸੁਧ ਬੁਧ ਗੁਆ ਬੈਠਦਾ ਹੈ :

ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ।
ਫੜ ਨਾ ਜਾਣੇ ਤੱਕੜੀ, ਹਾੜ ਨਾ ਜਾਣੇ ਵੱਟ।
ਤੇਲ ਭੁਲਾਵੇ ਭੁੱਲਾ ਬਾਣੀਆਂ, ਦਿੱਤਾ ਸ਼ਹਿਤ ਉੱਲਟ।
ਵਣਜ ਗਵਾ ਲੈ ਬਾਣੀਆਂ, ਬਲਦ ਗਵਾ ਲੈ ਜੱਟ।
ਤਿੰਨ ਸੌ ਨਾਂਗਾ ਪਿੜ ਰਿਹਾ, ਹੋ ਗਏ ਚੌੜ ਚੁਪੱਟ।

ਹੁਸਨ ਦਾ ਇਹ ਲਿਸ਼ਕਾਰਾ ਬਿਜਲੀ ਦੇ ਲਿਸ਼ਕਾਰੇ ਵਾਂਗ ਵੱਜਦਾ ਹੈ ਤੇ ਆਸ਼ਕ ਮਸ਼ੂਕ ਪਹਿਲੀ ਤੱਕਣੀ 'ਤੇ ਹੀ ਇੱਕ ਦੂਜੇ ਤੋਂ ਕੁਰਬਾਨ ਹੋ ਜਾਂਦੇ ਹਨ। ਇਹ ਪਿਆਰ ਏਨਾ

ਪ੍ਰਬਲ ਹੁੰਦਾ ਹੈ ਕਿ ਉਹ ਕਿਸੇ ਹੋਰ ਦੀ ਕਲਪਨਾ ਕਰਨਾ ਵੀ ਪਾਪ ਸਮਝਦੇ ਹਨ। ਸਮਾਜ ਇਸ ਪਿਆਰ ਨੂੰ ਪ੍ਰਵਾਨ ਨਹੀਂ ਕਰਦਾ, ਜਿਸ ਦਾ ਸਿੱਟਾ ਸਮਾਜ ਤੇ ਪਾਤਰਾਂ ਦੀ, ਪਰਸਪਰ ਟੱਕਰ ਨਿਕਲਦਾ ਹੈ। ਇਸ ਟੱਕਰ ਵਿੱਚ ਪਾਤਰ ਆਪਣੇ ਦ੍ਰਿੜ੍ਹ, ਨਿਸ਼ਚੇ 'ਤੇ ਕਾਇਮ ਰਹਿੰਦੇ ਹਨ। ਉਹ ਸਿਰ ਧੜ ਦੀ ਬਾਜ਼ੀ ਤਾਂ ਲਾ ਜਾਂਦੇ ਹਨ, ਪਰ ਇਸ਼ਕ ਨੂੰ ਲੀਕ ਨਹੀਂ ਲਾਉਂਦੇ। ਇਸ ਦਾ ਨਤੀਜਾ ਦੁਖਾਂਤ ਵਿੱਚ ਨਿਕਲਦਾ ਹੈ।

ਮਿਰਜ਼ਾ ਸਾਹਿਬਾਂ ਦਾ ਪਿਆਰ ਵੀ ਬਚਪਨ ਵਿੱਚ ਹੀ ਪੈ ਜਾਂਦਾ ਹੈ। ਜਦ ਸਾਹਿਬਾਂ ਦੇ ਮਾਪਿਆਂ ਨੂੰ ਪਤਾ ਲੱਗਦਾ ਹੈ ਤਾਂ ਉਹ ਸਾਹਿਬਾਂ ਦੀ ਮੰਗਣੀ ਚੰਧੜ ਖ਼ਾਨਦਾਨ ਦੇ ਤਾਹਿਰ ਖ਼ਾਨ ਨਾਲ ਕਰ ਦਿੰਦੇ ਹਨ। ਵਿਆਹ ਤੋਂ ਤਿੰਨ ਦਿਨ ਪਹਿਲਾਂ ਸਾਹਿਬਾਂ ਕਰਮੂੰ ਬ੍ਰਾਹਮਣ ਰਾਹੀਂ ਮਿਰਜ਼ੇ ਨੂੰ ਸੁਨੇਹਾ ਭੇਜਦੀ ਹੈ ਕਿ ਉਹ ਆਵੇ ਤੇ ਉਸ ਨੂੰ ਆ ਕੇ ਲੈ ਜਾਵੇ। ਮਿਰਜ਼ਾ ਆਪਣੀ ਭੈਣ ਛਹਿਤੀ ਦਾ ਵਿਆਹ ਵਿੱਚੇ ਛੱਡ ਕੇ ਸਾਹਿਬਾਂ ਨੂੰ ਲੈਣ ਆਉਂਦਾ ਹੈ। ਉਹ ਸਾਹਿਬਾਂ ਨੂੰ ਕੱਢ ਤੁਰਦਾ ਹੈ। ਜਦ ਇਸ ਉਧਾਲੇ ਦਾ ਪਤਾ ਲੱਗਦਾ ਹੈ ਤਾਂ ਚੰਧੜ ਤੇ ਸਿਆਲ ਵਹੀਰਾਂ ਘੱਤ ਕੇ ਮਿਰਜ਼ੇ ਨੂੰ ਮਾਰਨ ਲਈ ਤੁਰ ਪੈਂਦੇ ਹਨ। ਉੱਧਰ ਕੁਝ ਦੂਰ ਜਾ ਕੇ ਮਿਰਜ਼ਾ ਸੌਂ ਜਾਂਦਾ ਹੈ। ਸਾਹਿਬਾਂ ਉਸ ਨੂੰ ਛੇਤੀ ਨਾਲ ਦਾਨਾਬਾਦ ਜਾਣ ਲਈ ਕਹਿੰਦੀ ਹੈ ਪਰ ਹੰਕਾਰੀ ਮਿਰਜ਼ਾ ਆਪਣੀ ਬਹਾਦਰੀ ਦੇ ਸੋਹਲੇ ਗਾਉਂਦਾ ਹੈ। ਸਾਹਿਬਾਂ ਉਸ ਦੇ ਤੀਰ ਕਮਾਨ ਨੂੰ ਜੰਡ 'ਤੇ ਟੰਗ ਦਿੰਦੀ ਹੈ, ਕਿਉਂ ਜੋ ਉਹ ਉਸ ਦੇ ਭਰਾਵਾਂ ਨੂੰ ਇਨ੍ਹਾਂ ਤੀਰਾਂ ਨਾਲ ਮਾਰ ਨਾ ਦੇਵੇ। ਏਧਰ ਵਹੀਰ ਮਿਰਜ਼ੇ ਦੇ ਕੋਲ ਪਹੁੰਚਦੀ ਹੈ ਤੇ ਮਿਰਜ਼ੇ 'ਤੇ ਹਮਲਾ ਕਰਦੀ ਹੈ। ਸਿਆਲਾਂ ਦਾ ਇੱਕ ਤੀਰ ਮਿਰਜ਼ੇ ਨੂੰ ਵੱਜਦਾ ਹੈ ਤੇ ਉਸ ਦੀ ਮੌਤ ਦਾ ਕਾਰਨ ਬਣਦਾ ਹੈ। ਪਿੱਛੋਂ ਸਾਹਿਬਾਂ ਵੀ ਆਪਣੀ ਜਾਨ ਦੇ ਦਿੰਦੀ ਹੈ। ਇੰਜ ਇਹ ਕਿੱਸਾ ਦੁਖਾਂਤ ਵਿੱਚ ਖ਼ਤਮ ਹੁੰਦਾ ਹੈ।

ਮਿਰਜ਼ਾ ਸਾਹਿਬਾਂ ਕਿਸ ਗੱਲ ਦਾ ਦੁਖਾਂਤ ਹੈ? ਮਿਰਜ਼ਾ ਤੇ ਸਾਹਿਬਾਂ ਦੀਆਂ ਮੌਤਾਂ ਇਨ੍ਹਾਂ ਦੇ ਪਿਆਰ ਵਿਆਹ ਦੇ ਮੰਤਵ ਦੀ ਅਸਫ਼ਲਤਾ ਦੀਆਂ ਸੂਚਕ ਹਨ। ਇਸ ਤਰ੍ਹਾਂ ਮਿਰਜ਼ੇ ਸਾਹਿਬਾਂ ਦਾ ਦੁਖਾਂਤ ਆਪਣੇ ਜ਼ਮਾਨੇ ਦੇ ਪਿਆਰ ਵਿਆਹ ਦਾ ਦੁਖਾਂਤ ਬਣ ਜਾਂਦਾ ਹੈ। ਪਰ ਮਿਰਜ਼ੇ ਸਾਹਿਬਾਂ ਨੂੰ ਉਧਾਲਨ ਦੀ ਸੂਰਮਗਤੀ ਵਿੱਚ ਜੋ ਜਜ਼ਬਾ ਕੰਮ ਕਰ ਰਿਹਾ ਸੀ, ਉਹ ਏਨਾ ਪਿਆਰਾ ਜਜ਼ਬਾ ਨਹੀਂ ਸੀ, ਜਿੰਨਾ ਅਣਖ ਦਾ ਮੱਧ-ਕਾਲੀਨ ਸੰਕਲਪ, ਜੋ ਕਬੀਲੇਦਾਰੀ-ਯੁੱਗ ਦੀ ਖਾਸ ਦੇਣ ਸੀ। ਸਾਹਿਬਾਂ ਕਿਸੇ ਹੋਰ ਦੀ ਮੰਗ ਸੀ। ਮਿਰਜ਼ਾ ਉਸ ਨੂੰ ਆਪਣੀ ਮੰਗ ਸਮਝਦਾ ਸੀ ਤੇ ਮੰਗ ਨੂੰ ਛੱਡਣਾ ਪਰਲੇ ਦਰਜੇ ਦੀ ਬੇਇੱਜ਼ਤੀ, ਜਿਸ ਤੋਂ ਮੌਤ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ।[10] ਇਸੇ ਲਈ ਉਹ ਮਾਂ ਨੂੰ ਕਹਿੰਦਾ ਹੈ :

ਵਿਆਹੀ ਹੋਵੇ ਛੱਡ ਦੇਵਾਂ, ਮੰਗ ਨਾ ਛੱਡੀ ਜਾ।
ਜੇ ਕਰ ਮੰਗ ਮੈਂ ਛੱਡ ਦੇਵਾਂ, ਲੱਗੇ ਖਰਲਾਂ ਨੂੰ ਲਾਜ।
ਪੁੱਤ ਮਿਰਜ਼ਾ ਨੂੰਹ ਸਾਹਿਬਾਂ, ਸਾਡੀ ਟੁਰਨੀ ਜੱਗ ਵਿੱਚ ਵਾਰ।
ਪੀਲੂ ਨੇ ਮਿਰਜ਼ੇ ਦਾ ਬਿੰਬ ਜੋ ਪੇਸ਼ ਕੀਤਾ ਹੈ, ਉਹ ਆਦਰਸ਼ ਪ੍ਰੇਮੀ ਦਾ ਨਹੀਂ, ਸਗੋਂ

ਆਦਰਸ਼ ਸੂਰਮੇ ਦਾ ਹੈ। ਮਿਰਜ਼ਾ ਸਿਰ 'ਤੇ ਖੜੀ ਮੌਤ ਤੋਂ ਵੀ ਬੇ-ਮੁੱਖ ਹੈ :

ਮਿਰਜ਼ਾ ਆਖੇ ਕੋਈ ਨਾ ਦੀਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
ਕਟਕ ਭਿੜਾ ਦਿਆਂ ਟੱਕਰੀਂ, ਮੈਥੋਂ ਭੀ ਰਾਠ ਡਰੇ।
ਵਲ ਵਲ ਵੱਢ ਦੇਊਂ ਸੂਰਮੇਂ, ਜਿਉਂ ਖੇਤੀ ਨੂੰ ਪੈਣ ਗੜ੍ਹੇ।
ਸਿਰ ਸਿਆਲਾਂ ਦੇ ਵੱਡ ਕੇ, ਸੁਟਾਂਗਾ ਵਿੱਚ ਰੜ੍ਹੇ।

ਮਿਰਜ਼ਾ ਆਪਣੀ ਮੌਤ ਲਈ ਸਾਹਿਬਾਂ ਨੂੰ ਦੋਸ਼ੀ ਠਹਿਰਾਉਂਦਾ ਹੈ :

ਮੰਦਾ ਕੀਤਾ ਸੁਣ ਸਾਹਿਬਾਂ, ਮੇਰਾ ਤਰਕਸ਼ ਟੰਗਿਆ ਜੰਡ।
ਤਿੰਨ ਸੌ ਕਾਨੀ ਮਿਰਜ਼ੇ ਜਵਾਨ ਦੀ, ਦੇਂਦਾ ਸਿਆਲਾਂ ਨੂੰ ਵੰਡ।
ਪਹਿਲੀ ਮਾਰਦਾ ਵੀਰ ਸ਼ਮੀਰ ਦੇ, ਦੂਜੀ ਕੁੱਲੇ ਦੇ ਤੰਗ।
ਤੀਜੀ ਮਾਰਾਂ ਜੋੜ ਕੇ, ਜਿਹਦੀ ਹੈਂ ਤੂੰ ਮੰਗ।

ਇੰਜ ਇੱਥੇ ਪੰਜਾਬੀ ਨਾਰੀ ਦਾ ਇੱਕ ਵੱਖਰਾ ਰੂਪ ਵੇਖਣ ਨੂੰ ਮਿਲਦਾ ਹੈ। ਭਾਰਤੀ ਨਾਰੀ ਲਈ ਪਤੀ ਪਰਮਾਤਮਾ ਦਾ ਰੂਪ ਹੈ ਅਤੇ ਉਹ ਪਤੀ ਦੀ ਰੱਖਿਆ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਹਮੇਸ਼ਾ ਤੱਤਪਰ ਰਹਿੰਦੀ ਹੈ। ਪਰ ਸਾਹਿਬਾਂ ਇਹ ਜਾਣ ਕੇ ਕਿ ਮਿਰਜ਼ਾ ਇੱਕ ਚੰਗਾ ਨਿਸ਼ਾਨੇਬਾਜ਼ ਹੈ ਤੇ ਉਹ ਉਸ ਦੇ ਭਰਾਵਾਂ ਨੂੰ ਤੀਰਾਂ ਨਾਲ ਵਿੰਨ੍ਹ ਸੁੱਟੇਗਾ, ਉਸ ਦੇ ਤੀਰਾਂ ਨੂੰ ਤੋੜ ਦਿੰਦੀ ਹੈ ਤੇ ਕਮਾਨ ਨੂੰ ਦਰਖਤ 'ਤੇ ਟੰਗ ਦਿੰਦੀ ਹੈ। ਸਿੱਟੇ ਵਜੋਂ ਨਿਹੱਥਾ ਮਿਰਜ਼ਾ, ਸਾਹਿਬਾਂ ਦੇ ਭਰਾਵਾਂ ਹੱਥੋਂ ਮਾਰਿਆ ਜਾਂਦਾ ਹੈ। ਇਸ ਤਰ੍ਹਾਂ ਸਾਹਿਬਾਂ ਆਪਣੇ ਪ੍ਰੇਮੀ ਨਾਲੋਂ ਭਰਾਵਾਂ ਦੀ ਸੁਰੱਖਿਆ ਨੂੰ ਪਹਿਲ ਦਿੰਦੀ ਹੈ। ਵਣਜਾਰਾ ਬੇਦੀ ਨੇ ਸੋਫੋਕਲੀਜ਼ ਦੇ ਨਾਟਕ ਈਡੀਪਸ ਦੇ ਹਵਾਲੇ ਨਾਲ ਇਹ ਸਿੱਧ ਕੀਤਾ ਹੈ ਕਿ ਇਹ ਰੂੜ੍ਹੀ ਯੂਨਾਨੀ ਪ੍ਰਭਾਵ ਕਰਕੇ ਪੰਜਾਬੀ ਸਾਹਿਤ ਵਿੱਚ ਆਈ ਹੈ। ਇਸ ਨਾਟਕ ਵਿੱਚ ਇੱਕ ਪਾਤਰ ਐਂਟੀਗੋਨੀ ਇੱਕ ਪ੍ਰਸੰਗ ਵਿੱਚ ਇਹ ਦਲੀਲ ਦਿੰਦੀ ਹੈ ਕਿ ਪਤੀ ਦੇ ਪੁੱਤਰ ਨਾਲੋਂ ਭਰਾ ਵਧੇਰੇ ਕੀਮਤੀ ਹੁੰਦਾ ਹੈ। ਤੀਵੀਂ ਹੋਰ ਬੱਚੇ ਤਾਂ ਪੈਦਾ ਕਰ ਸਕਦੀ ਹੈ, ਪਰ ਭਰਾ ਪੈਦਾ ਨਹੀਂ ਕਰ ਸਕਦੀ।[11]

ਕਿੱਸਾਕਾਰਾਂ ਵਾਂਗ ਸਾਡੇ ਆਲੋਚਕ ਵੀ ਮਿਰਜ਼ੇ ਦੀ ਮੌਤ ਲਈ ਸਾਹਿਬਾਂ ਨੂੰ ਹੀ ਦੋਸ਼ੀ ਠਹਿਰਾਉਂਦੇ ਹਨ। ਇਸ ਸਬੰਧੀ ਕਿਸ਼ਨ ਸਿੰਘ ਦੀ ਧਾਰਨਾ ਹੈ :

ਸਾਹਿਬਾਂ ਕੱਚ ਕੀਤਾ। ਭੁਲੇਖੇ ਵਿੱਚ ਆ ਗਈ। ਸਾਹਿਬਾਂ ਦਾ ਭੁਲੇਖਾ ਕੀ ਸੀ ਭਰਾ ਮਾਂ ਨੂੰ ਜੰਮੇ ਸਨ। ਇੱਕੋ ਮਾਂ ਦਾ ਦੁੱਧ ਚੁੰਘਿਆ ਸੀ। ਲਹੂ ਸਾਂਝਾ ਸੀ। ਭੈਣ ਭਰਾਵੀਂ ਸਾਂਝ ਸੀ। ਇਹ ਸਾਂਝ ਸੀ, ਜਿੰਨਾ ਚਿਰ ਘਰ ਸੀ। ਉਨ੍ਹਾਂ ਦੇ ਵੰਗ ਵਿੱਚ ਸੀ। ਉਨ੍ਹਾਂ ਦੀਆਂ ਸਮਾਜਿਕ ਕੀਮਤਾਂ ਦੇ ਦਾਇਰੇ ਵਿਚ ਸੀ। ਸਾਂਝ ਰਹਿੰਦੀ, ਜੇ ਜਿਥੇ ਉਹ ਚਾਹੁੰਦੇ ਸਨ, ਉਨ੍ਹਾਂ ਦੇ ਆਖੇ ਲੱਗ ਕੇ ਵਿਆਹੀ ਜਾਂਦੀ, ਜੇ ਭੈਣ ਭਰਾ ਸਮਾਜ ਦੀ ਉਸੇ ਜਮਾਤੀ ਪੁਜੀਸ਼ਨ ਵਿਚ ਰਹਿੰਦੇ। ਸਾਹਿਬਾਂ ਇਸ਼ਕ ਦੇ ਹਾਲੇ ਹੋ ਗਈ। ਪੁਜੀਸ਼ਨ ਬਦਲ ਗਈ। ਉਨ੍ਹਾਂ ਦੀ ਇੱਜ਼ਤ ਨੂੰ ਹੱਥ ਪਿਆ। ਉਨ੍ਹਾਂ ਲਈ ਭੈਣ ਬਦਕਾਰ ਹੋ ਗਈ, ਵੈਰਨ ਹੋ ਗਈ। ਸਾਹਿਬਾਂ ਨੂੰ

ਅਜੇ ਵੀ ਉਹ ਭਰਾ ਲੱਗਦੇ ਰਹੇ ਜਦੋਂ ਕਿ ਉਹ ਭਰਾਵਾਂ ਦੇ ਰੂਪ ਵਿਚ ਜਮਾਤੀ ਦੁਸ਼ਮਣ ਸਨ, ਇਸ਼ਕ ਦੇ ਵੈਰੀ ਸਨ। ਲੜਾਈ ਤੇ ਅਪਣਤ ਹੁਣ ਲਹੂ ਦੀ ਸਾਂਝ ਦੀ ਬਿਨਾਅ 'ਤੇ ਨਹੀਂ ਸਨ, ਹੁਣ ਉਨ੍ਹਾਂ ਦੀ ਬਿਨਾਅ ਵਿਚਾਰਧਾਰਕ ਸੀ, ਜਮਾਤੀ ਸੀ, ਸਮਾਜਕ ਕੀਮਤਾਂ ਦੀ ਸੀ, ਇਸ਼ਕ ਦੀ ਸੀ। ...ਸਾਹਿਬਾਂ ਇਸ਼ਕ ਤੋਂ ਬਣੀ ਪੁਜੀਸ਼ਨ ਸਮਝ ਨਾ ਸਕੀ। ਨਵੀਂ ਬਣੀ ਪੁਜੀਸ਼ਨ ਵਿਚ ਇਸ਼ਕ ਤੇ ਲਹੂ ਨੂੰ ਨਿਖੇੜ ਨਾ ਸਕੀ, ਭਰਾਵਾਂ ਦੇ ਨਵੇਂ ਰੂਪ ਨੂੰ ਉਸ ਰੂਪ ਦੇ ਆਪਣੇ ਨਾਲ ਰਿਸ਼ਤੇ ਨੂੰ ਸਮਝ ਨਾ ਸਕੀ। ਕੱਚ ਮਾਰਿਆ। ਨੁਕਸਾਨ ਉਠਾਇਆ।

ਇਸ ਤਰ੍ਹਾਂ ਮਿਰਜ਼ੇ ਦੀ ਤ੍ਰਾਸਦੀ ਲਈ ਸਾਰਾ ਦੋਸ਼ ਸਾਹਿਬਾਂ 'ਤੇ ਮੜ੍ਹ ਦਿੱਤਾ ਗਿਆ ਹੈ। ਸੁਆਲ ਪੈਦਾ ਹੁੰਦਾ ਹੈ ਕਿ ਜੇ ਸਾਹਿਬਾਂ ਕਮਾਨ ਨੂੰ ਜੰਡ 'ਤੇ ਨਾ ਟੰਗਦੀ ਤੇ ਤੀਰ ਨਾ ਭੰਨਦੀ ਤਾਂ ਕੀ ਇਹ ਤ੍ਰਾਸਦੀ ਨਾ ਵਾਪਰਦੀ? ਮਿਰਜ਼ੇ ਦੀ ਤ੍ਰਾਸਦੀ ਬਾਰੇ ਇੱਕ ਹੋਰ ਮਹੱਤਵਪੂਰਨ ਸੰਕੇਤ ਮਿਲਦਾ ਹੈ। 'ਬਾਝ ਭਰਾਵਾਂ ਜੱਟ ਮਾਰਿਆ, ਕੋਈ ਨਾ ਮਿਰਜ਼ੇ ਦੇ ਸੰਗ' ਤੋਂ ਸਪੱਸ਼ਟ ਹੈ ਕਿ ਜੇ ਸਾਹਿਬਾਂ ਤਰਕਸ਼ ਨਾ ਵੀ ਟੰਗਦੀ ਤਾਂ ਵੀ ਮਿਰਜ਼ੇ ਦੀ ਮੌਤ ਅਟੱਲ ਸੀ। ਅਸਲ, ਰਹੱਸ ਤਾਂ ਇਹੀ ਹੈ ਕਿ ਮਿਰਜ਼ੇ ਪਾਸ ਕੋਈ ਵੀ ਅਜਿਹੀ ਥਾਂ ਨਹੀਂ ਜਿੱਥੇ ਉਹ ਸਾਹਿਬਾਂ ਨੂੰ ਲੈ ਕੇ ਜਾ ਸਕੇ। ਮਗਰ ਵਾਹਰ ਲੱਗੀ ਹੋਈ ਹੈ, ਦਾਨਾਬਾਦ ਤੋਂ ਤੁਰਨ ਵੇਲੇ ਉਹ ਆਪਣੇ ਰਿਸ਼ਤੇ ਤੋੜ ਕੇ ਮੁੜਿਆ ਸੀ। ਨਾ ਤਾਂ ਉਹ ਦਾਨਾਬਾਦ ਜਾ ਸਕਦਾ ਹੈ ਅਤੇ ਨਾ ਹੀ ਉਸ ਪਾਸ ਏਨੀ ਸ਼ਕਤੀ ਹੈ, ਜਿਸ ਨਾਲ ਉਹ ਚੰਧੜਾਂ ਅਤੇ ਸਿਆਲਾਂ ਦੀਆਂ ਫੌਜਾਂ ਦਾ ਮੁਕਾਬਲਾ ਕਰ ਸਕੇ। ਮਿਰਜ਼ੇ ਦੀ ਬਹਾਦਰੀ ਪ੍ਰਤੀ ਸ਼ੰਕਾ ਨਾ ਵੀ ਰੱਖੀਏ ਤਾਂ ਵੀ ਮਿਰਜ਼ੇ ਦੀ ਇਕੱਲੀ ਤਾਕਤ ਵਿਰੋਧੀ ਧਿਰ ਦੇ ਸਾਹਮਣੇ ਅਸਲੋਂ ਹੀ ਨਤਾਣੀ ਹੈ।[13] ਪੀਲੂ ਨੇ ਜਿਹੜਾ ਮਿਰਜ਼ੇ ਦਾ ਦੁਖਾਂਤਿਕ ਚਿੱਤਰ ਚਿਤਰਿਆ ਹੈ, ਉਸ ਤੋਂ ਵੀ ਗੱਲ ਸਾਫ਼ ਹੋ ਜਾਂਦੀ ਹੈ :-

ਚੰਧੜ ਸਿਆਲ ਚੜ੍ਹ ਪਏ, ਰਾਹੀਂ ਘੱਤ ਵਹੀਰ।
ਫੌਜਾਂ ਘੇਰਾ ਘੱਤਿਆ, ਕਰਕੇ ਬੜੀ ਤਦਬੀਰ।
ਕੜ ਕੜ ਚਲਣ ਗੋਲੀਆਂ, ਮਿਰਜ਼ੇ ਨੂੰ ਪੈਂਦੇ ਬਹੁਤੇ ਤੀਰ।
ਉਹ ਸੁੱਤਾ ਨਹੀਂ ਜਾਗਦਾ, ਕਾਇਮ ਨਹੀਂ ਨਹੀਂ ਹੁੰਦਾ ਸਰੀਰ।
ਵੇਖ ਜੰਡੂਰੇ ਦੀ ਛੱਤਰੀ, ਸਿਰ ਪਰ ਬੋਲੇ ਕਾਂ।
ਟਾਂਗੂ ਵੱਜੇ ਮਲਕੁਲ ਮੌਤ ਦੇ, ਕਿੱਤੇ ਨਹੀਂ ਦਿੰਦੇ ਜਾਣ।

ਇਸ਼ਕ ਵਿੱਚ ਦੁਖਾਂਤ ਦਾ ਹੋਣਾ ਆਵਸ਼ੱਕ ਹੈ, ਕਿਉਂਕਿ ਇਸ਼ਕ ਦੀ ਸਚਾਈ ਮੂਲ ਰੂਪ ਵਿਚ ਦੁਖਾਂਤਿਕ ਹੈ।[14] ਜਿੱਥੋਂ ਤੀਕ ਸਾਹਿਬਾਂ 'ਤੇ ਬੇਵਫ਼ਾਈ ਦੇ ਦੋਸ਼ ਦਾ ਸੰਬੰਧ ਹੈ, ਅਜਿਹਾ ਹੋਣਾ ਸੁਭਾਵਿਕ ਸੀ, ਕਿਉਂਕਿ ਮਰਦ ਪ੍ਰਧਾਨ ਸਮਾਜ ਵਿਚ ਔਰਤ ਬਿਨਾਂ ਦੋਸ਼ ਦੇ ਦੋਸ਼ੀ ਹੈ। ਕਿੱਸਾਕਾਰੀ ਵਿੱਚ ਕਮਾਲ ਦਾ ਅੰਤਰ ਵਿਰੋਧ ਹੈ ਕਿ ਹੀਰ, ਸੱਸੀ, ਸੋਹਣੀ, ਸ਼ੀਰੀ ਆਪਣੇ ਵਿਦਰੋਹ ਕਾਰਨ ਸਲਾਹੀਆਂ ਜਾ ਰਹੀਆਂ ਹਨ। ਪਰ ਉਨ੍ਹਾਂ ਦੇ ਕਿੱਸਿਆਂ ਵਿਚਲੇ ਕਵੀਓ ਵਾਚ ਔਰਤ ਨੂੰ ਨਿੰਦ ਰਹੇ ਹਨ। ਇਹ ਅੰਤਰ-ਵਿਰੋਧ ਮੱਧ-ਕਾਲੀ ਚੇਤਨਾ

ਦ੍ਰਿਸ਼ਟੀ ਨੇ ਹੀ ਮਿਰਜ਼ੇ ਦੇ ਦੁਖਾਂਤ ਨੂੰ ਸਾਹਿਬਾਂ ਦੀ ਬੇਵਫ਼ਾਈ ਨਾਲ ਜੋੜ ਦਿੱਤਾ ਹੈ। ਮਿਰਜ਼ਾ ਅਤੇ ਸਾਹਿਬਾਂ ਦੋਵੇਂ ਇੱਕੋ ਬਿੰਦੂ ਉਪਰ ਹੀ ਇੱਕੋ ਜਿਹੀ ਹੋਣੀ ਭੋਗਦੇ ਹਨ। ਪੰਜਾਬੀਆਂ ਦੇ ਮਨਾਂ ਵਿਚ ਮਿਰਜ਼ੇ ਦਾ ਬਿੰਬ ਪ੍ਰੇਮੀ ਅਤੇ ਸੂਰਮੇ ਦਾ ਸੰਯੋਗੀ ਹੈ। ਇਸ ਲਈ ਉਸ ਦਾ ਸੌਣਾ ਜਾਂ ਸਾਹਿਬਾਂ ਦਾ ਤਰਕਸ਼ ਟੰਗਣਾ ਕਹਿਣਾ ਤਾਂ ਉਸ ਮਾਨਸਿਕਤਾ 'ਚੋਂ ਉਪਜੇ ਕਾਰਨ ਹਨ ਜੋ ਮਿਰਜ਼ੇ ਨੂੰ ਸੂਰਮੇ ਦੇ ਰੂਪ ਵਿਚ ਚਿਤਵਦੀ ਏ। ਏਸੇ ਮਾਨਸਿਕਤਾ ਨੇ ਹੀ ਸਾਹਿਬਾਂ ਨੂੰ ਬੇਵਫ਼ਾ ਸਿੱਧ ਕੀਤਾ ਹੈ।[15] ਇਸ ਲਈ ਸਾਹਿਬਾਂ ਮਿਰਜ਼ੇ ਦੀ ਮੌਤ ਦਾ ਕਾਰਨ ਨਹੀਂ। ਉਹ ਮਿਰਜ਼ੇ ਨੂੰ ਸੁਨੇਹਾ ਭੇਜ ਕੇ ਬੁਲਾਉਂਦੀ ਹੈ ਤੇ ਬੂਹੇ ਬੈਠੀ ਜੰਞ ਦੇ ਹੁੰਦਿਆਂ ਮਿਰਜ਼ੇ ਨਾਲ ਉਧਲਦੀ ਹੈ। ਇੰਜ ਉਹ ਵੀ ਆਪਣਾ ਆਪ ਕੁਰਬਾਨ ਕਰਨ ਨੂੰ ਮਿਰਜ਼ੇ ਵਾਂਗ ਹੀ ਕਾਰਜਸ਼ੀਲ ਹੈ। ਉਹ ਤਾਂ ਆਪ ਤ੍ਰਾਸਦੀ ਭੋਗਦੀ ਹੈ। ਸਮਾਜਿਕ ਮਰਯਾਦਾ ਨੂੰ ਉਲੰਘ ਕੇ ਮਿਰਜ਼ਾ ਆਪਣੀ ਹੋਣੀ ਖ਼ੁਦ ਸਿਰਜਦਾ ਹੈ, ਕਿਉਂਕਿ ਸਮਾਜ ਨਾਲ ਇਕੱਲਾ ਵਿਅਕਤੀ ਟੱਕਰ ਲੈਣ ਤੋਂ ਅਸਮਰਥ ਹੈ।

ਪੀਲੂ ਮਿਰਜ਼ੇ ਦੇ ਦੁਖਾਂਤ ਲਈ ਹੋਣੀ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ :
(ੳ) ਹੋਣੀ ਮਿਰਜ਼ੇ 'ਤੇ ਕੁੱਦ ਪਈ, ਰਲੀ ਸਿਆਲਾਂ ਦੇ ਨਾਲ।
(ਅ) ਅੱਗੋਂ ਸਾਹਿਬਾਂ ਬੋਲਦੀ, ਮਿਰਜ਼ਿਆ! ਮੰਨ ਮੇਰੀ ਅਰਜ਼ਾ।
ਹੋਣੀ ਵਰਤੀ ਪੈਗੰਬਰਾਂ, ਹੋਣੀ ਮਿਰਜ਼ੇ 'ਤੇ ਗਈ ਆ।
ਬੇਟੇ ਸ਼ਾਹ ਅਲੀ ਦੇ, ਹਸਨ ਹੁਸੈਨ ਭਰਾ।
ਲੜਦੇ ਨਾਲ ਯਜ਼ਦੀਆਂ, ਦਿੱਤੇ ਪੂਰ ਖਪਾ।
ਦਰ ਵਿੱਚ ਰੋਂਦੀ ਬੀਬੀ ਫ਼ਾਤਿਮਾ, ਮੁੜ ਕੇ ਨਾ ਆਏ ਮੇਰੇ ਪਾਹ।
ਮਿਰਜ਼ਿਆ ਐਡ ਪੈਗੰਬਰ ਮਰ ਗਏ, ਤੂੰ ਕਿਹਦਾ ਪਾਣੀਹਾਰ?

ਹੋਣੀ ਦਾ ਇਹ ਵਰਣਨ ਪਰੰਪਰਾਗਤ ਹੈ। ਅਜਿਹਾ ਮੱਧਕਾਲ ਵਿੱਚ ਲੋਕਾਂ ਦਾ ਹੋਣੀ, ਕਿਸਮਤ, ਭਾਵੀ ਜਾਂ ਲਿਖੇ ਲੇਖਾਂ ਵਿੱਚ ਡੂੰਘਾ ਵਿਸ਼ਵਾਸ ਹੋਣ ਕਰਕੇ ਹੈ। ਮੱਧਕਾਲ ਵਿੱਚ ਮਨੁੱਖੀ ਗਿਆਨ ਦਾ ਧੁਰਾ ਵਾਸਤਵਿਕਤਾ ਉੱਤੇ ਨਹੀਂ ਸੀ, ਸਗੋਂ ਅਧਿਆਤਮਿਕ-ਆਦਰਸ਼ਵਾਦ ਹੀ ਉਸ ਦਾ ਆਧਾਰ ਹੁੰਦਾ ਸੀ। ਕਿਸੇ ਸਰਬਸ਼ਕਤੀਮਾਨ, ਕਰਨ-ਕਾਰਨ ਸਮਰੱਥ ਸ਼ਕਤੀ ਦੇ ਸੰਕਲਪ ਨੂੰ ਅਜਿਹੇ ਗਿਆਨ ਵਿਚ ਮੁੱਢਲੀ ਤੇ ਪ੍ਰਮੁੱਖ ਥਾਂ ਪ੍ਰਾਪਤ ਸੀ। ਏਸੇ ਲਈ ਪ੍ਰਾਪਤ ਅਸਲੀਅਤ ਦੇ ਕਾਰਨ ਲੱਭਣ ਲੱਗਿਆ, ਉਸ ਦੀ ਤਹਿ ਥੱਲੇ ਜਾ ਕੇ ਉਸ ਹੇਠਾਂ ਕੰਮ ਕਰ ਰਹੀਆਂ ਸਮਾਜਿਕ ਤੇ ਆਰਥਿਕ ਸ਼ਕਤੀਆਂ ਦਾ ਪਾਜ ਉਘਾੜਨ ਦੀ ਥਾਂ ਮਨੁੱਖ, ਇੱਕ ਅਜਿਹੀ ਹੋਣੀ ਦੀ ਮਨ-ਮਰਜ਼ੀ ਉੱਤੇ ਇਸ ਦੀ ਜ਼ਿੰਮੇਵਾਰੀ ਦਾ ਭਾਰ ਲੱਦ ਕੇ ਸੰਤੁਸ਼ਟ ਹੋ ਜਾਂਦਾ ਸੀ।[16] ਮਿਰਜ਼ਾ ਸਾਹਿਬਾਂ ਦਾ ਸਮਾਜਿਕ ਸ਼ਕਤੀਆਂ ਦਾ ਵਿਰੋਧ ਕਰਨ ਲਈ ਅਸਮਰਥ ਹੋਣ ਕਰਕੇ ਸਾਰਾ ਦੋਸ਼ ਹੋਣੀ ਦੇ ਮੱਥੇ 'ਤੇ ਮੜ੍ਹ ਦਿੱਤਾ ਗਿਆ ਹੈ।

ਇੰਜ ਪੀਲੂ ਨੇ ਮਿਰਜ਼ਾ ਸਾਹਿਬਾਂ ਦੇ ਦੁਖਾਂਤ ਨੂੰ ਬੜੇ ਕਰੁਣਾਮਈ ਢੰਗ ਨਾਲ ਪੇਸ਼ ਕੀਤਾ ਹੈ। ਇਹ ਪ੍ਰੇਮ-ਵਿਆਹ ਦੀ ਅਸਫ਼ਲਤਾ ਦਾ ਦੁਖਾਂਤ ਹੈ। ਨਾਇਕ ਨਾਇਕਾ ਵੱਖ-

ਵੱਖ ਕਬੀਲਿਆਂ ਨਾਲ ਸੰਬੰਧਿਤ ਸਨ। ਕਬੀਲਦਾਰੀ ਵਿੱਚ ਅਣਖ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਂਦੀ ਸੀ। ਮਿਰਜ਼ੇ ਦਾ ਸਾਹਿਬਾਂ ਨੂੰ ਉਧਾਲਨ ਪਿੱਛੇ ਕਬੀਲੇ ਦੀ ਅਣਖ ਦਾ ਜਜ਼ਬਾ ਕੰਮ ਕਰ ਰਿਹਾ ਸੀ। ਇਸ ਲਈ ਇਹ ਪਿਆਰ ਨਾਲੋਂ ਅਣਖ ਦਾ ਦੁਖਾਂਤ ਵਧੇਰੇ ਹੈ। ਪੀਲੂ ਨੇ ਮਿਰਜ਼ੇ ਦਾ ਬਿੰਬ ਇੱਕ ਅਣਖੀ ਪੰਜਾਬੀ ਸੂਰਮੇਂ ਦੇ ਤੌਰ 'ਤੇ ਪੇਸ਼ ਕੀਤਾ ਹੈ। ਏਸੇ ਤਰ੍ਹਾਂ ਸਾਹਿਬਾਂ ਵੀ ਇੱਕ ਅਣਖੀਲੀ ਪੰਜਾਬੀ ਮੁਟਿਆਰ ਵਾਂਗ ਆਪਣੇ ਪਿਆਰ ਵਿੱਚ ਪਰਪੱਕ ਰਹਿੰਦੀ ਹੈ ਤੇ ਸਮਾਜਿਕ ਬੰਧਸ਼ਾਂ ਨੂੰ ਲੱਤ ਮਾਰ ਕੇ ਮਿਰਜ਼ੇ ਨਾਲ ਉਧਲ ਜਾਂਦੀ ਹੈ। ਦੋ ਪ੍ਰੇਮੀ ਸਮਾਜਿਕ ਬੰਧਸ਼ਾਂ ਦੀ ਈਨ ਨਹੀਂ ਮੰਨਦੇ। ਉਹ ਸੱਚੇ ਪਿਆਰ ਪਿੱਛੇ ਆਪਣੀ ਜਾਨ ਦੇ ਦਿੰਦੇ ਹਨ। ਪੀਲੂ ਦਾ ਇਹ ਕਿੱਸਾ ਪਹਿਲਾ ਸਫਲ ਦੁਖਾਂਤ ਹੈ। ਇਸ ਨੇ ਕਿੱਸਾ ਕਾਵਿ ਨੂੰ ਨਵਾਂ ਮੋੜ ਦੇ ਕੇ ਇੱਕ ਨਵੀਂ ਪਰੰਪਰਾ ਨੂੰ ਜਨਮ ਦਿੱਤਾ।

ਹਵਾਲੇ ਤੇ ਟਿੱਪਣੀਆਂ

1. 'ਪੰਜਾਬੀ ਯੂਨੀਵਰਸਿਟੀ ਪੰਜਾਬੀ ਸਾਹਿਤ ਕੋਸ਼, ਭਾਗ ਪਹਿਲਾ', ਪੰਨਾ 321
2. 'Dictionary of World Literature', P. 419
3. Ibid.
4. 'ਪੰਜਾਬੀ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ', ਪੰਨਾ 321
5. 'ਅਰਸਤੂ ਦਾ ਕਾਵਿ ਸ਼ਾਸਤਰ' (ਅਨੁ. ਹਰਿਭਜਨ ਸਿੰਘ), ਪੰਨਾ 16
6. ਬਿਕਰਮ ਸਿੰਘ ਘੁੰਮਣ, 'ਪੰਜਾਬੀ ਕਿੱਸਾ-ਕਾਵਿ ਅਤੇ ਦੁਖਾਂਤ ਪਰੰਪਰਾ', ਪੰਨਾ 36
7. ਉਹੀ, ਪੰਨਾ 36-67
8. ਉਹੀ, ਪੰਨਾ 37
9. ਉਹੀ, ਪੰਨਾ 121
10. 'ਪੰਜਾਬੀ ਸਾਹਿਤ ਦਾ ਇਤਿਹਾਸ ਭਾਗ ਪਹਿਲਾ', ਭਾਸ਼ਾ ਵਿਭਾਗ ਪੰਜਾਬ, ਪੰਨਾ 611
11. 'ਮਧਕਾਲੀਨ ਪੰਜਾਬੀ ਕਥਾ : ਰੂਪ ਤੇ ਪਰੰਪਰਾ' ਪੰਨਾ 32
12. 'ਸਾਹਿਤ ਦੀ ਸਮਝ', ਪੰਨਾ 237-238
13. ਜਸਪਾਲ ਕੌਰ ਕਾਂਗ, 'ਕਿੱਸਾ-ਸੰਵਾਦ' ਪੰਨਾ 74
14. ਦੀਵਾਨ ਸਿੰਘ, "ਹੀਰ ਵਾਰਿਸ ਵਿੱਚ ਦੁਖਾਂਤ : ਇਕ ਤੁਲਨਾਤਮਕ ਅਧਿਐਨ", ਵਾਰਿਸ ਸ਼ਾਹ ਦਾ ਕਾਵਿ ਲੋਕ', ਪੰਨਾ 149
15. ਅਮਰਜੀਤ ਸਿੰਘ ਕਾਂਗ, 'ਕਿੱਸਾ-ਪਰਿਪੇਖ', ਪੰਨਾ 93
16. 'ਕਿੱਸਾ-ਕਾਵਿ', ਭਾਸ਼ਾ ਵਿਭਾਗ, ਪੰਜਾਬ ਪੰਨਾ 93-94

****

ਸਮਾਜ—ਸੱਭਿਆਚਾਰਿਕ ਪਾਸਾਰ

ਸਮਾਜ ਇੱਕ ਅਜਿਹਾ ਸਮੂਹ ਹੁੰਦਾ ਹੈ, ਜਿਸ ਵਿੱਚ ਸ਼ਾਮਲ ਮਨੁੱਖਾਂ ਦੀ ਮਾਨਸਿਕ ਪੱਧਰ ਲੱਗਭੱਗ ਇੱਕ ਹੋਵੇ ਅਤੇ ਜਿਨ੍ਹਾਂ ਨੇ ਅਮਲੀ ਜੀਵਨ ਵਿੱਚ ਸਾਂਝੇ ਜੀਵਨ ਪੱਧਰ 'ਤੇ ਸਾਂਝੇ ਰਸਮ-ਰਿਵਾਜ ਨੂੰ ਅਪਣਾ ਲਿਆ ਹੋਵੇ। ਅਜਿਹੇ ਵਿਅਕਤੀਆਂ ਦਾ ਰਹਿਣ-ਸਹਿਣ, ਪੂਜਾ, ਸਮਾਜਿਕ ਕੀਮਤਾਂ ਅਤੇ ਉਨ੍ਹਾਂ ਦੇ ਵਿਚਾਰ ਰਲਦੇ ਮਿਲਦੇ ਹੁੰਦੇ ਹਨ। ਸਮਾਜ ਇੱਕ ਅਜਿਹਾ ਜਟਿਲ ਪ੍ਰਬੰਧ ਹੈ ਜੋ ਸਦਾ ਗਤੀਸ਼ੀਲ ਵਹਾਉ ਵਿੱਚ ਰਹਿੰਦਾ ਹੈ। ਇਸ ਦਾ ਕਾਰਨ ਸਪੱਸ਼ਟ ਹੈ ਕਿ ਹਰ ਵਿਅਕਤੀ ਆਪਣੇ ਆਪ ਵਿੱਚ ਸੁਤੰਤਰ ਹੈ ਤੇ ਉਹ ਆਪਣੇ ਭੌਤਿਕ, ਮਾਨਸਿਕ ਤੇ ਆਤਮਿਕ ਵਾਤਾਵਰਨ ਦੀ ਹੀ ਉਪਜ ਹੁੰਦਾ ਹੈ। ਉਸ ਨੂੰ ਆਪਣੇ ਆਪ ਦੀ ਸੋਝੀ ਦੂਜਿਆਂ ਦੇ ਪ੍ਰਸੰਗ ਵਿੱਚ ਹੀ ਹੋ ਸਕਦੀ ਹੈ। ਇਸ ਲਈ ਇੱਕ ਵਿਅਕਤੀ ਦੀ ਸ਼ਖ਼ਸੀਅਤ ਕਿਸੇ ਸਮਾਜਿਕ ਪ੍ਰਕਰਣ ਵਿੱਚ ਹੀ ਸੰਪੂਰਨ ਸ਼ਖ਼ਸੀਅਤ ਬਣਦੀ ਹੈ। ਏਸੇ ਕਰਕੇ ਸਮਾਜ ਇੱਕ ਵਿਅਕਤੀ ਤੋਂ ਉੱਚਾ ਮਹੱਤਵ ਰੱਖਦਾ ਹੈ। ਪਰਵਾਰ ਦੀ ਤਰ੍ਹਾਂ ਸਮਾਜ ਦੇ ਦੂਜੇ ਸੰਗਠਨਾਂ, ਸੰਸਥਾਵਾਂ ਅਤੇ ਵਿਵਸਥਾਵਾਂ ਵਿੱਚ ਮਨੁੱਖ ਦਾ ਪਰਸਪਰ ਲੈਣ ਦੇਣ ਚਲਦਾ ਰਹਿੰਦਾ ਹੈ, ਜਿਸ ਦੇ ਆਧਾਰ 'ਤੇ ਮਨੁੱਖਾਂ ਦੀਆਂ ਕਮੀਆਂ ਅਤੇ ਲੋੜਾਂ ਪੂਰੀਆਂ ਹੁੰਦੀਆਂ ਹਨ।[1] ਸਮਾਜ ਦੇ ਸਾਰੇ ਕੰਮ ਸਮਾਜਿਕ ਇਕਾਈਆਂ ਅਤੇ ਵੱਖ-ਵੱਖ ਸਮਾਜਿਕ ਸੰਸਥਾਵਾਂ ਵਿੱਚ ਵੰਡ ਕੇ ਚਲਦੇ ਹਨ। ਸ੍ਰੀ ਹਰੀ ਦੱਤ ਵੇਦ ਅਲੰਕਾਰ ਦੇ ਵਿਚਾਰ ਅਨੁਸਾਰ ਸਮਾਜਿਕ ਇਕਾਈਆਂ ਵਿੱਚ ਪਰਵਾਰ, ਵੰਸ਼, ਗੋਤ ਅਤੇ ਕਬੀਲਿਆਂ ਨੂੰ ਲਿਆ ਜਾਂਦਾ ਹੈ ਅਤੇ ਸਮਾਜਿਕ ਸੰਸਥਾਵਾਂ ਵਿੱਚ ਵਿਆਹ, ਸਿੱਖਿਆ ਸੰਪਤੀ ਕਾਨੂੰਨ, ਰਾਜ ਅਤੇ ਧਰਮ ਨੂੰ ਲਿਆ ਜਾਂਦਾ ਹੈ।[2]

ਡਾ. ਗੁਰਬਖਸ਼ ਸਿੰਘ ਫਰੈਂਕ ਅਨੁਸਾਰ "ਸੱਭਿਆਚਾਰਕ ਇਕ ਜੁੱਟ ਅਤੇ ਜਟਿਲ ਸਿਸਟਮ ਹੈ ਜਿਸ ਵਿਚ ਕਿਸੇ ਮਨੁੱਖੀ ਸਮਾਜ ਦੇ ਨਿਸਚਿਤ ਇਤਿਹਾਸਕ ਪੜਾਅ ਉੱਤੇ ਪ੍ਰਚਲਤ ਕਦਰਾਂ-ਕੀਮਤਾਂ ਅਤੇ ਉਨ੍ਹਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਅਤੇ ਪਦਾਰਥਕ ਅਤੇ ਬੌਧਕ ਵਰਤਾਰੇ ਸ਼ਾਮਲ ਹੁੰਦੇ ਹਨ।"[3] ਸਮਾਜ ਤੇ ਸੱਭਿਆਚਾਰ ਦਾ ਪਰਸਪਰ ਡੂੰਘਾ ਸਬੰਧ ਹੈ, ਜੋ ਇਕ ਦੂਜੇ ਤੋਂ ਬਿਨਾਂ ਨਹੀਂ ਰਹਿ ਸਕਦੇ। ਸਮਾਜ ਦੀਆਂ ਵਿਸ਼ੇਸ਼ਤਾਈਆਂ ਨੂੰ ਸੱਭਿਆਚਾਰ ਬਿਆਨਦਾ ਹੈ। ਜਿਨ੍ਹਾਂ ਘਰਾਂ ਵਿਚ ਅਸੀਂ ਰਹਿੰਦੇ ਹਾਂ, ਜੋ ਕੱਪੜੇ ਪਾਉਂਦੇ ਹਾਂ, ਜਿਹੜਾ ਖਾਣਾ ਅਸੀਂ ਖਾਂਦੇ ਹਾਂ, ਜੋ ਅਸੀਂ ਪੀਂਦੇ ਹਾਂ, ਆਦਿ ਦੀ ਵਿਆਖਿਆ ਸਰੀਰਕ ਲੋੜਾਂ ਰਾਹੀਂ ਨਹੀਂ ਕੀਤੀ ਜਾ ਸਕਦੀ, ਸਗੋਂ ਉੱਥੋਂ ਦੇ ਸੱਭਿਆਚਾਰ ਰਾਹੀਂ ਕੀਤੀ ਜਾ ਸਕਦੀ ਹੈ। ਸੱਭਿਆਚਾਰ ਉਨ੍ਹਾਂ ਆਦਰਸ਼ਾਂ ਦਾ ਸੰਗਠਨ ਹੈ ਜੋ ਜ਼ਿੰਦਗੀ ਵਿਚ ਅਸਲੀਅਤ ਬਣ ਕੇ ਵਿਚਰਦੇ ਹਨ ਅਤੇ ਜ਼ਿੰਦਗੀ ਨੂੰ ਸੇਧ ਦਿੰਦੇ ਹਨ। ਸਮਾਜਿਕ ਸਮੱਸਿਆਵਾਂ ਦੀ ਸਮਝ ਤੇ ਉਸ ਦਾ ਸਮਾਧਾਨ ਸੱਭਿਆਚਾਰ ਰਾਹੀਂ ਹੁੰਦਾ ਹੈ। ਸਮਾਜ ਦੀ

ਸਥਿਰਤਾ ਸੱਭਿਆਚਾਰ 'ਤੇ ਨਿਰਭਰ ਕਰਦੀ ਹੈ।[4] ਪੀਲੂ ਦੇ ਕਿੱਸਾ ਮਿਰਜ਼ਾ ਸਾਹਿਬਾਂ ਵਿੱਚ ਉਸ ਸਮੇਂ ਦੇ ਸਮਾਜ ਤੇ ਸੱਭਿਆਚਾਰ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ।

ਹਿੰਦੂ ਸਮਾਜ : ਹਿੰਦੂ ਸਮਾਜ ਵਿੱਚ ਬ੍ਰਾਹਮਣਾਂ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਮੁਸਲਮਾਨੀ ਰਾਜ ਸਥਾਪਿਤ ਹੋਣ ਉਪਰੰਤ ਬ੍ਰਾਹਮਣਾਂ ਦਾ ਦਰਜਾ ਘਟ ਗਿਆ। ਉਹ ਰੋਟੀ ਖਾਤਰ ਕੰਮੀਆਂ ਦਾ ਕੰਮ ਕਰਨ ਲੱਗ ਪਏ ਸਨ। ਸਾਹਿਬਾਂ ਮਿਰਜ਼ੇ ਨੂੰ ਕਰਮੂੰ ਬ੍ਰਾਹਮਣ ਰਾਹੀਂ ਸੁਨੇਹਾ ਭੇਜਦੀ ਹੈ, ਜੋ ਕਿ ਉਨ੍ਹਾਂ ਦਾ ਕੰਮੀ ਹੈ। ਉਹ ਉਸ ਨੂੰ ਕਈ ਤਰ੍ਹਾਂ ਦੇ ਲਾਲਚ ਦਿੰਦੀ ਹੈ :

ਤੂੰ ਸੁਣ ਕਰਮੂੰ ਬ੍ਰਾਹਮਣਾ, ਕਦੀ ਨਾ ਆਇਓ ਕਾਮ।...
ਚੌਥੇ ਨੂੰ ਚੰਧੜ ਵਿਆਹ ਲਿਜਾਣਗੇ, ਫਿਰ ਕੀ ਕਰੇਂਗਾ ਆਣ।

ਪੀਲੂ ਦੇ ਕਿੱਸੇ ਵਿੱਚ ਜੱਟ ਬਰਾਦਰੀ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਮਿਰਜ਼ਾ ਤੇ ਸਾਹਿਬਾਂ ਦੋਵੇਂ ਜੱਟ ਬਰਾਦਰੀ ਨਾਲ ਸੰਬੰਧਿਤ ਹਨ। ਕਿੱਸੇ ਵਿੱਚ ਕਈ ਥਾਵਾਂ 'ਤੇ ਮਿਰਜ਼ੇ ਦੇ ਜੱਟ ਹੋਣ ਦਾ ਜ਼ਿਕਰ ਆਉਂਦਾ ਹੈ। ਮਿਰਜ਼ਾ ਖਰਲ ਗੋਤ ਨਾਲ ਤੇ ਸਾਹਿਬਾਂ ਸਿਆਲ ਗੋਤ ਨਾਲ ਸੰਬੰਧ ਰੱਖਦੀ ਹੈ। ਰਾਜ ਦਰਬਾਰ ਇਨ੍ਹਾਂ ਦਾ ਕਾਫੀ ਬੋਲਬਾਲਾ ਹੈ। ਮਿਰਜ਼ਾ ਆਪਣੀ ਜਾਤ 'ਤੇ ਮਾਣ ਕਰਦਾ ਹੈ :

ਮਿਰਜ਼ਾ ਆਖੇ ਕੋਈ ਨਾ ਦੀਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
ਕਟਕ ਭਿੜਾ ਦਿਆਂ ਟੱਕਰੀ, ਮੈਥੋਂ ਭੀ ਰਾਠ ਡਰੇ।

ਪਰਿਵਾਰਿਕ ਰਿਸ਼ਤੇ : ਮੱਧਕਾਲੀ ਸਮਾਜ ਵਿੱਚ ਪਰਵਾਰਿਕ ਰਿਸ਼ਤਿਆਂ ਦਾ ਕੇਂਦਰ ਬਿੰਦੂ ਪਰਵਾਰ ਦਾ ਮੁਖੀ ਹੁੰਦਾ ਹੈ। ਬਾਕੀ ਮੈਂਬਰ ਉਸ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹਨ। ਮੁਖੀ ਦਾ ਫਰਜ਼ ਹੁੰਦਾ ਹੈ ਕਿ ਉਹ ਪਰੰਪਰਾਵਾਂ ਦੀ ਰੱਖਿਆ ਕਰੇ। ਇਸ ਲਈ ਉਨ੍ਹਾਂ ਦਾ ਵਤੀਰ ਤਾਨਾਸ਼ਾਹੀ ਹੁੰਦਾ ਹੈ। ਮਿਰਜ਼ੇ ਦਾ ਪਿਉ ਵੰਞਲ ਆਪਣੇ ਪੁੱਤਰ ਪ੍ਰਤੀ ਹਮਦਰਦੀ ਦਰਸਾਉਂਦਾ ਹੋਇਆ, ਉਸ ਨੂੰ ਸਮਝਾਉਂਦਾ ਹੈ ਕਿ ਔਰਤਾਂ ਤੋਂ ਬਚ ਕੇ ਰਹਿ :

ਚੜ੍ਹਦੇ ਮਿਰਜ਼ੇ ਖਾਨ ਨੂੰ, ਵੰਞਲ ਦੇਂਦਾ ਮੱਤ।
ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ।...
ਲਥੀ ਹੱਥ ਨਾ ਆਵੰਦੀ ਦਾਨਿਸ਼ਮੰਦਾਂ ਦੀ ਪੱਤ।

ਮਾਂ ਦਾ ਆਪਣੇ ਪੁੱਤਰ ਪ੍ਰਤੀ ਵਤੀਰਾ ਹਮਦਰਦੀ ਵਾਲਾ ਹੈ। ਮਿਰਜ਼ੇ ਦੀ ਮਾਂ ਨੂੰ ਮਿਰਜ਼ੇ ਦੀ ਮੌਤ ਨਜ਼ਰ ਆਉਂਦੀ ਹੈ। ਏਸੇ ਲਈ ਉਸ ਉਸ ਨੂੰ ਸਿਆਲਾਂ ਦੇ ਜਾਣ ਤੋਂ ਵਰਜਦੀ ਹੈ:

ਚੜ੍ਹਦੇ ਮਿਰਜ਼ੇ ਖਾਨ ਨੂੰ, ਮੱਤਾਂ ਦੇਵੇ ਮਾਂ।...
ਰੰਨ ਦੀ ਖ਼ਾਤਿਰ ਚਲਿਐਂ, ਆਵੇਂ ਜਾਨ ਗਵਾ।
ਆਖੇ ਮੇਰੇ ਲੱਗ ਜਾ, ਅੱਗੇ ਪੈਰ ਨਾ ਪਾ।

ਪੀਲੂ ਨੇ ਭਰਾ ਦੇ ਰਿਸ਼ਤੇ ਨੂੰ ਬਹੁਤ ਹੀ ਮਹੱਤਾ ਦਿੱਤੀ ਹੈ। ਮੱਧਕਾਲੀਨ ਸਮਾਜ ਵਿੱਚ

ਮਨੁੱਖੀ ਸ਼ਕਤੀ ਦੀ ਲੋੜ ਸੀ। ਇਸ ਲਈ ਭਰਾਵਾਂ ਨੂੰ ਬਾਹਵਾਂ ਸਮਝਿਆ ਜਾਂਦਾ ਸੀ। ਮਿਰਜ਼ਾ ਬਿਨਾਂ ਭਰਾਵਾਂ ਮਾਰਿਆ ਜਾਂਦਾ ਹੈ, ਨਹੀਂ ਤਾਂ ਮਿਰਜ਼ੇ ਨੂੰ ਮਾਰਨ ਵਾਲਾ ਕੌਣ ਸੀ:

ਬਾਝ ਭਰਾਵਾਂ ਜੱਟ ਮਾਰਿਆ, ਕੋਈ ਨਾ ਮਿਰਜ਼ੇ ਦੇ ਸੰਗ।

ਸਾਹਿਬਾਂ ਦੇ ਭਰਾ ਆਪਣੇ ਖਾਨਦਾਨ ਦੀ ਇੱਜ਼ਤ ਖਾਤਰ ਮਿਰਜ਼ੇ ਨੂੰ ਮਾਰ ਮੁਕਾਉਂਦੇ ਹਨ। ਭੈਣਾਂ ਭਰਾਵਾਂ ਦੇ ਸਨੇਹ ਨੂੰ ਵੀ ਰੂਪਮਾਨ ਕੀਤਾ ਗਿਆ ਹੈ। ਮਿਰਜ਼ੇ ਦੀ ਭੈਣ ਛਹਿਤੀ ਮਿਰਜ਼ੇ ਨੂੰ ਆਪਣੇ ਵਿਆਹ ਪਿੱਛੋਂ ਜਾਣ ਲਈ ਕਹਿੰਦੀ ਹੈ। ਸਾਹਿਬਾਂ ਮਿਰਜ਼ੇ ਹੱਥੀਂ ਆਪਣੇ ਭਰਾਵਾਂ ਨੂੰ ਮਰਦਿਆਂ ਹੋਇਆਂ ਨਹੀਂ ਦੇਖਣਾ ਚਾਹੁੰਦੀ। ਇਸ ਲਈ ਕਮਾਨ ਜੰਡ 'ਤੇ ਟੰਗ ਦਿੰਦੀ ਹੈ। ਇੰਜ ਉਹ ਪ੍ਰੇਮੀ ਨਾਲੋਂ ਭਰਾਵਾਂ ਦੇ ਰਿਸ਼ਤੇ ਨੂੰ ਤਰਜੀਹ ਦਿੰਦੀ ਹੈ। ਪਰ ਮਿਰਜ਼ੇ ਦੇ ਭਰਾ ਆਪਣੇ ਖ਼ਾਨਦਾਨ ਦੀ ਅਣਖ ਕਾਰਨ ਮਿਰਜ਼ੇ ਦਾ ਕਤਲ ਕਰਦੇ ਹਨ।

ਇਸਤਰੀ ਦਾ ਸਥਾਨ : ਸਾਮੰਤੀ ਸਮਾਜ ਵਿੱਚ ਇਸਤਰੀ ਨੂੰ ਬਹੁਤ ਹੀ ਨੀਵਾਂ ਦਰਜਾ ਪ੍ਰਾਪਤ ਸੀ। ਉਸ ਨੂੰ ਧੋਖੇਬਾਜ਼, ਫਰੇਬੀ ਤੇ ਕਾਮ ਦੀ ਪੁਤਲੀ ਸਮਝਿਆ ਜਾਂਦਾ ਸੀ। ਸਾਹਿਬਾਂ ਮਿਰਜ਼ੇ ਨੂੰ ਸੁਨੇਹਾ ਭੇਜ ਕੇ ਬੁਲਾਉਂਦੀ ਹੈ ਤੇ ਬੂਹੇ ਬੈਠੀ ਜੰਞ ਦੇ ਹੁੰਦਿਆਂ ਮਿਰਜ਼ੇ ਨਾਲ ਉਧਲਦੀ ਹੈ, ਪਰ ਫਿਰ ਵੀ ਨਿੰਦਿਆਂ ਦੀ ਭਾਗੀ ਬਣਦੀ ਹੈ। ਪੀਲੂ ਨੇ ਥਾਂ ਥਾਂ ਇਸਤਰੀ ਦੀ ਨਿੰਦਿਆ ਕੀਤੀ ਹੈ :

(ਓ) ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਵੰਞਲ ਦੇਂਦਾ ਮੱਤ।
ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ।
ਹੱਸ ਕੇ ਲਾਉਂਦੀਆਂ ਯਾਰੀਆਂ, ਰੋ ਕੇ ਦੇਂਦੀਆਂ ਦੱਸ।
ਜਿਸ ਘਰ ਲਾਈ ਦੋਸਤੀ, ਮੂਲ ਨਾ ਘੱਤੇਂ ਲੱਤ।
(ਅ) ਬੁਰੀਆਂ ਸਿਆਲਾਂ ਦੀਆਂ ਔਰਤਾਂ, ਲੈਂਦੀਆਂ ਜਾਦੂ ਪਾ।
ਕੱਢ ਕਲੇਜੇ ਖਾਂਦੀਆਂ, ਮੇਰੇ ਝਾਟੇ ਤੇਲ ਨਾ ਪਾ।

ਪੀਲੂ ਨੇ ਪੰਜਾਬੀ ਕਿੱਸਾ-ਕਾਵਿ ਵਿੱਚ ਇਸਤਰੀ ਨਿੰਦਿਆ ਦੀ ਅਜਿਹੀ ਲੀਹ ਪਾਈ ਕੋਈ ਕਿੱਸਾਕਾਰ ਇਸ ਤੋਂ ਲਾਂਭੇ ਨਾ ਜਾ ਸਕਿਆ। ਕਿੱਸਿਆਂ ਵਿੱਚ ਇਸਤਰੀ ਨੂੰ ਪ੍ਰੇਮਿਕਾ ਦੇ ਰੂਪ ਵਿਚ ਚਿਤਰਿਆ ਗਿਆ ਹੈ ਤੇ ਉਸ ਦੀ ਨਿੰਦਿਆ ਕੀਤੀ ਗਈ ਹੈ। ਪਰ ਮਾਂ ਦੇ ਰੂਪ ਵਿੱਚ ਇਸਤਰੀ ਦੀ ਤਾਰੀਫ਼ ਕੀਤੀ ਗਈ ਹੈ।

ਸਮਾਜਿਕ ਨੈਤਿਕਤਾ : ਮਿਰਜ਼ਾ ਤੇ ਸਾਹਿਬਾਂ ਸਮਾਜਿਕ ਨੈਤਿਕਤਾ ਤੋਂ ਬਗ਼ਾਵਤ ਕਰਦੇ ਹਨ। ਸਾਹਿਬਾਂ ਮਾਈਏਂ ਪੈਣ ਪਿੱਛੋਂ ਵੀ ਮਿਰਜ਼ੇ ਨਾਲ ਉਧਲ ਜਾਂਦੀ ਹੈ। ਮਿਰਜ਼ੇ ਦਾ ਪਿਉ, ਮਾਂ ਤੇ ਭੈਣ ਸਭ ਇਸ ਕਾਰਨ ਨੂੰ ਅਨੈਤਿਕ ਸਮਝਦੇ ਹੋਏ, ਉਸ ਨੂੰ ਰੋਕਣ ਦਾ ਯਤਨ ਕਰਦੇ ਹਨ।

ਜਨਮ ਸੰਬੰਧੀ ਰਸਮੋ-ਰਿਵਾਜ : ਬੱਚੇ ਦੇ ਜਨਮ ਸਮੇਂ ਡੂਮ, ਭੰਡ ਜਾਂ ਮਰਾਸੀ ਰੱਜ ਰੱਜ ਕੇ ਗਾਉਂਦੇ ਸਨ ਤੇ ਬੱਚੇ ਨੂੰ ਦੁਆਵਾਂ ਦਿੱਤੀਆਂ ਜਾਂਦੀਆਂ ਸਨ। ਕੁੜੀਆਂ ਦੇ ਜਨਮ ਸਮੇਂ ਵੀ ਖੁਸ਼ੀਆਂ ਮਨਾਈਆਂ ਜਾਂਦੀਆਂ ਸਨ :

ਘਰ ਖੀਵੇ ਦੇ ਸਾਹਿਬਾਂ, ਜੰਮੀ ਮੰਗਲਵਾਰ
ਡੂਮ ਸੋਹੇਲੇ ਗਾਂਵਦੇ, ਖ਼ਾਨ ਖੀਵੇ ਦੇ ਬਾਰ।
ਰੱਜ ਦੁਆਈ ਦਿੱਤੀਆਂ, ਸੋਹਣੇ ਪਰਵਾਰ।

ਇਸ਼ਕ ਸਿਧਾਂਤ : ਪੀਲੂ ਦੇ ਮਿਰਜ਼ੇ ਵਿੱਚ ਇਸ਼ਕ ਨੂੰ ਸਮਾਜ ਇੱਕ ਚੁਣੌਤੀ ਦੇ ਰੂਪ ਵਿਚ ਲੈਂਦਾ ਹੈ। ਮਿਰਜ਼ਾ ਆਪਣੇ ਪਿਆਰ ਨੂੰ ਪ੍ਰਵਾਨ ਚੜ੍ਹਾਉਣ ਲਈ ਸਮਾਜਿਕ ਬੰਧਨ ਤੋੜ ਕੇ ਸਾਹਿਬਾਂ ਦਾ ਉਧਾਲਾ ਕਰਦਾ ਹੈ। ਸਾਹਿਬਾਂ ਵੀ ਵਿਆਹ ਤੋਂ ਪਹਿਲਾਂ ਇਸ ਉਧਾਲੇ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਜਗੀਰਦਾਰੀ ਨਿਜ਼ਾਮ ਵਿੱਚ ਇਸ਼ਕ ਕਰਨ ਦੀ ਖੁੱਲ੍ਹ ਨਹੀਂ ਸੀ। ਸਮਾਜਿਕ ਸੰਸਥਾਵਾਂ ਇਸ ਦਾ ਵਿਰੋਧ ਕਰਦੀਆਂ ਸਨ। ਆਸ਼ਿਕ ਤੇ ਮਾਸ਼ੂਕ ਇਨ੍ਹਾਂ ਸੰਸਥਾਵਾਂ ਦੇ ਵਿਰੁੱਧ ਇਕੱਲੇ ਲੜਦੇ ਸਨ। ਜਿਸ ਦਾ ਸਿੱਟਾ ਮੌਤ ਵਿੱਚ ਨਿਕਲਦਾ ਸੀ। ਇਹੋ ਕਾਰਨ ਹੈ ਕਿ ਮਿਰਜ਼ਾ ਸਾਹਿਬਾਂ ਦਾ ਅੰਤ ਦੁਖਾਂਤਿਕ ਹੁੰਦਾ ਹੈ।

ਸੂਰਮਗਤੀ : ਭੂਗੋਲਿਕ ਅਤੇ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਪੰਜਾਬ ਨੂੰ ਹਮਲਾਵਰਾਂ ਦਾ ਟਾਕਰਾ ਕਰਨਾ ਪੈਂਦਾ ਸੀ। ਜਿਸ ਕਾਰਨ ਪੰਜਾਬ ਦੇ ਵਾਸੀ ਦ੍ਰਿੜ੍ਹ ਇਰਾਦੇ, ਬੁਲੰਦ ਹੌਸਲੇ ਅਤੇ ਸੂਰਮਗਤੀ ਵਰਗੇ ਗੁਣ ਲੈ ਕੇ ਦ੍ਰਿਸ਼ਟਮਾਨ ਹੋਏ ਹਨ। ਪੰਜਾਬੀਆਂ ਦੀ ਸੂਰਬੀਰਤਾ ਦੀਆਂ ਕਹਾਣੀਆਂ ਪ੍ਰਸਿੱਧ ਹਨ। ਇਸ ਸੂਰਬੀਰਤਾ ਦੇ ਨਾਲ-ਨਾਲ ਖੁੱਲ੍ਹ-ਦਿਲੇ ਹੋਣਾ ਅਤੇ ਬੇ-ਪ੍ਰਵਾਹੀ ਦੇ ਹੋਰ ਅਜਿਹੇ ਗੁਣ ਹਨ ਜੋ ਇਸ ਸੂਰਮਗਤੀ ਦੀ ਭਾਵਨਾ ਨੂੰ ਵਧੇਰੇ ਪ੍ਰਬਲ ਕਰਦੇ ਹਨ। ਇਸ਼ਕ ਦੇ ਖੇਤਰ ਵਿੱਚ ਵੀ ਇਹ ਸੂਰਮਗਤੀ ਆਪਣਾ ਕਰਮ ਧਰਮ ਸਮਝ ਕੇ ਨਿਭਾਈ ਜਾਂਦੀ ਹੈ। ਵਾਸਤਵ ਵਿੱਚ ਇਸ਼ਕ ਅਤੇ ਜੰਗ, ਬੀਰਤਾ ਅਤੇ ਆਸ਼ਕੀ ਇੱਕ ਦੂਜੇ ਨਾਲ ਜੁੜੇ ਹੋਏ ਅੰਗ ਹਨ, ਜਿਨ੍ਹਾਂ ਦੀ ਸਾਂਝ ਪੰਜਾਬੀਆਂ ਨੂੰ ਦੋਹਾਂ ਖੇਤਰਾਂ ਵਿੱਚ ਮਹਾਨਤਾ ਦੁਆਉਂਦੀ ਹੈ।[5]

ਪੀਲੂ ਨੇ ਵੀ ਮਿਰਜ਼ੇ ਨੂੰ ਇੱਕ ਸੂਰਮਾ ਤੇ ਬੇ-ਪ੍ਰਵਾਹ ਅਤੇ ਸਾਹਿਬਾਂ ਨੂੰ ਇੱਕ ਹਿੰਮਤੀ ਔਰਤ ਪੇਸ਼ ਕੀਤਾ ਹੈ। ਬੂਹੇ ਬੈਠੀ ਜੰਞ ਅਤੇ ਸਾਕ-ਸੰਬੰਧੀਆਂ ਦੇ ਹੁੰਦਿਆਂ ਮਿਰਜ਼ੇ ਦਾ ਸਾਹਿਬਾਂ ਨੂੰ ਘਰੋਂ ਕੱਢ ਖੜ੍ਹਨਾ ਬਹਾਦਰੀ ਦਾ ਪ੍ਰਤੀਕ ਹੈ। ਮਿਰਜ਼ਾ ਤਾਂ ਕਹਿੰਦਾ ਹੈ ਕਿ ਉਸ ਦੇ ਮੁਕਾਬਲੇ 'ਤੇ ਕੋਈ ਹੋਰ ਵਿਅਕਤੀ ਨਹੀਂ :

ਮਿਰਜ਼ਾ ਆਖੇ ਕੋਈ ਨਾ ਦੀਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
ਕਟਕ ਭਿੜਾ ਦਿਆਂ ਟੱਕਰੀ, ਮੈਥੋਂ ਭੀ ਰਾਠ ਡਰੇ।
ਵਲ ਵਲ ਵੱਢ ਦੇਊਂ ਸੂਰਮੇਂ, ਜਿਉਂ ਖੇਤੀ ਨੂੰ ਪੈਣ ਗੜ੍ਹੇ।
ਸਿਰ ਸਿਆਲਾਂ ਦੇ ਵੱਢ ਕੇ, ਸੁੱਟਾਂਗਾ ਵਿੱਚ ਰੜ੍ਹੇ।

ਸਾਹਿਬਾਂ ਦਾ ਆਪਣੇ ਭਰਾਵਾਂ ਪ੍ਰਤੀ ਸੁਨੇਹ ਨੇ ਉਸ ਦੀ ਸੂਰਬੀਰਤਾ ਨੂੰ ਸੱਟ ਮਾਰੀ ਹੈ। ਇਹ ਪੰਜਾਬੀ ਸੁਭਾਅ ਦੇ ਵਿਰੁੱਧ ਹੈ, ਪਰ ਭੈਣ ਭਰਾ ਦੇ ਰਿਸ਼ਤੇ ਦੇ ਅਨੁਕੂਲ ਹੈ।

ਲੋਕ-ਵਿਸ਼ਵਾਸ : ਪੀਲੂ ਦੇ ਇਸ ਕਿੱਸੇ ਵਿੱਚ ਕਈ ਲੋਕ-ਵਿਸ਼ਵਾਸ ਮਿਲਦੇ ਹਨ। ਮਿਰਜ਼ੇ ਦੇ ਸਾਹਿਬਾਂ ਦੇ ਘਰ ਵੱਲ ਜਾਣ ਸਮੇਂ ਅਪਸ਼ਗਨ ਹੁੰਦੇ ਹਨ :

ਕਾਂਵਣ ਬੱਧਾ ਤੱਕਲਾ, ਤੱਕਲੇ ਬੱਧਾ ਤੀਰ।
ਲੱਠ ਪਲਾਣਾ ਮੇਲਿਆ, ਕਰੜੇ ਘੱਤ ਜ਼ੰਜੀਰ।
ਕੰਮੀਆਂ ਮੁੱਢ ਧਤੂਰੀਆਂ, ਜਿਵੇਂ ਬਾਦਸ਼ਾਹ ਮੁੱਢ ਵਜ਼ੀਰ।
ਕੁੱਤਾ ਹਟ ਹਟ ਕਰ ਰਿਹਾ, ਜਿਵੇਂ ਦਰ ਵਿੱਚ ਖੜਾ ਫ਼ਕੀਰ।
ਟਿੰਡਾਂ ਗੇੜਮ ਗੇੜੀਆਂ, ਭਰ ਭਰ ਡੋਲ੍ਹਣ ਨੀਰ।

ਉਸ ਸਮੇਂ ਹੋਣੀ, ਤਕਦੀਰ, ਲਿਖੇ ਲੇਖ ਆਦਿ ਵਿੱਚ ਡੂੰਘਾ ਵਿਸ਼ਵਾਸ ਸੀ :

(ੳ) ਮੱਥੇ ਵਿੱਚ ਕਲਜੋਗਣਾਂ, ਫ਼ਤਹਿ ਨਾ ਦਿੱਤੀ ਹੋਣ।
ਲਿਖੀਆਂ ਡਾਢੇ ਰੱਬ ਦੀਆਂ, ਮੇਟਣ ਵਾਲਾ ਕੌਣ।

(ਅ) ਹੋਣੀ ਵਰਤੀ ਪੈਗੰਬਰਾਂ, ਹੋਣੀ ਮਿਰਜ਼ੇ 'ਤੇ ਗਈ ਆ।...
ਮਿਰਜ਼ਿਆ! ਐਡ ਪੈਗੰਬਰ ਮਰ ਗਏ, ਤੂੰ ਕਿਹਦਾ ਪਾਣੀਹਾਰ

(ਏ) ਮਿਰਜ਼ਾ ਮਾਰਿਆ ਮਲਕੁਲ ਮੌਤ ਦਾ, ਕੁਝ ਮਾਰਿਆ ਉਹਨੂੰ ਗੁਮਾਨ।

ਪੀਰਾਂ ਫ਼ਕੀਰਾਂ ਦੀ ਮਾਨਤਾ ਸੀ। ਮਿਰਜ਼ਾ ਕਿੱਲੀਆਂ ਗੱਡਣ ਤੋਂ ਪਹਿਲਾਂ ਪੀਰਾਂ ਨੂੰ ਧਿਆਉਂਦਾ ਹੈ :

ਮਿਰਜ਼ੇ ਕਿੱਲੀਆਂ ਗੱਡੀਆਂ, ਪੰਜੇ ਪੀਰ ਮਨਾ।

ਪਿੱਤਰਾਂ ਲਈ ਸਰਾਧ ਕਰਵਾਏ ਜਾਂਦੇ ਸਨ :

ਭਲਕੇ ਸਰਾਧ ਦਾਦਾ ਆਉਣਗੇ, ਨਿਉਂਦੇ ਖਾਣ ਤੇ ਜਾ।

ਪਹਿਰਾਵਾ ਤੇ ਗਹਿਣੇ : ਕਿੱਸੇ ਵਿੱਚ ਉਸ ਸਮੇਂ ਦੇ ਪਹਿਰਾਵੇ ਤੇ ਗਹਿਣਿਆਂ ਦਾ ਵੀ ਹਵਾਲਾ ਮਿਲਦਾ ਹੈ। ਪਗੜੀ ਦਾ ਰਿਵਾਜ ਸੀ ਤੇ ਇਸ ਨੂੰ ਇੱਜ਼ਤ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ :

ਮੂੰਹ ਨਾਲ ਲਾਹੇ ਪਗੜੀਆਂ, ਫੱਟ ਕੇ ਸੁੱਟੇ ਅੰਜਾਣ।
ਬੱਕੀ ਲਾਹੀਆਂ ਪਗੜੀਆਂ, ਵੇਖੀ ਨਾ ਕਿਸੇ ਦੀ ਲਾਜ।

ਵਿਆਹ ਸ਼ਾਦੀਆਂ 'ਤੇ ਵਿਸ਼ੇਸ਼ ਪ੍ਰਕਾਰ ਦੇ ਕੱਪੜੇ ਪਹਿਨੇ ਜਾਂਦੇ ਸਨ। ਕੁੜੀਆਂ ਸਾਲੂ ਪਹਿਨਦੀਆਂ ਸਨ :

ਸਾਲੂ ਦਾ ਪੱਲਾ ਅਟਕਿਆ, ਰਤਾ ਕੁ ਬੱਕੀ ਨੂੰ ਫੇਰ।
ਅੱਗੇ ਘਰ ਸਾਹਿਬਾਂ ਬਾਪ ਦਾ, ਲਾ ਦਿਊਂ ਸਾਲੂਆਂ ਦਾ ਢੇਰ।

ਕੁੜੀਆਂ ਚੂੜੀਆਂ ਪਹਿਨਦੀਆਂ ਸਨ। ਵਿਆਹ 'ਤੇ ਵੰਗਾਂ, ਝਾਂਜਰਾਂ ਹਮੇਲ ਪਾਈਆਂ ਜਾਂਦੀਆਂ ਸਨ :

(ੳ) ਨਾ ਫੜ ਬਾਹੀਆ ਘੁੱਟ ਕੇ, ਵੰਗਾਂ ਜਾਂਦੀਆਂ ਟੁੱਟ।

(ਅ) ਗਹਿਣੇ ਸਣੇ ਪਟਾਰੀਆਂ, ਝਾਂਜਰ ਸਣੇ ਹਮੇਲ।

ਮਨੋਰੰਜਨ : ਖੁਸ਼ੀ ਦੇ ਮੌਕੇ 'ਤੇ ਡੂਮ ਗਾਉਂਦੇ ਸਨ :

ਘਰ ਖੀਵੇ ਦੇ ਸਾਹਿਬਾਂ, ਜੰਮੀ ਮੰਗਲਵਾਰ।

ਡੂਮ ਸੋਹੇਲੇ ਗਾਵੰਦੇ, ਖ਼ਾਨ ਖੀਵੇ ਦੇ ਬਾਰ।
ਰੱਜ ਦੁਆਈਂ ਦਿੱਤੀਆਂ, ਸੋਹਣੇ ਪਰਵਾਰ।

ਖਾਣ ਪੀਣ : ਪੀਲੂ ਨੇ ਉਸ ਸਮੇਂ ਦੀਆਂ ਖਾਧ ਵਸਤੂਆਂ ਬਾਰੇ ਵੀ ਜ਼ਿਕਰ ਕੀਤਾ ਹੈ। ਲੋਕ ਖਾਣ ਪੀਣ ਦੇ ਸ਼ੌਕੀਨ ਸਨ। ਸਾਹਿਬਾਂ ਕਰਮੂੰ ਬ੍ਰਾਹਮਣ ਨੂੰ ਝੋਟੀ ਲਾ ਲਾਲਚ ਦਿੰਦੀ ਹੈ :

ਝੋਟੀਆਂ ਦਿਆਂ ਦੁੱਧ ਪੀਣ ਨੂੰ, ਹਲ ਦੀ ਜ਼ਿਮੀਂ ਇਨਾਮ।

ਮਿਰਜ਼ਾ ਵੀ ਕਹਿੰਦਾ ਹੈ ਕਿ ਉਸ ਨੇ ਦਸ ਮੱਝਾਂ ਦਾ ਦੁੱਧ ਆਪਣੀ ਘੋੜੀ ਨੂੰ ਪਿਲਾਇਆ ਹੈ :

ਦਸ ਮਹੀਆਂ ਦਾ ਘਿਉ ਦਿੱਤਾ, ਬੱਕੀ ਦੇ ਢਿੱਡ ਪਾ।

ਅਫ਼ੀਮ ਦੀ ਵਰਤੋਂ ਹੁੰਦੀ ਸੀ। ਕਰਮੂੰ ਅਫ਼ੀਮ ਦੇ ਹਵਾਲੇ ਨਾਲ ਸਾਹਿਬਾਂ ਪਾਸੋਂ ਮਾਫ਼ੀ ਮੰਗਦਾ ਹੈ :

ਇਹ ਗੁਨਾਹ ਮੇਰਾ ਬਖ਼ਸ਼ ਲੈ, ਸਾਹਿਬਾਂ ਜਿੱਥੇ ਘੱਲੇ ਓਥੇ ਜਾ।
ਡੋਰਾ ਲੱਗਾ ਅਫ਼ੀਮ ਦਾ, ਸਾਡੀ ਅਕਲ ਟਿਕਾਣੇ ਨਾਹ।

ਤੇਲ, ਸ਼ਹਿਤ ਦੀ ਵਰਤੋਂ ਵੀ ਹੁੰਦੀ ਸੀ :

ਤੇਲ ਭੁਲਾਵੇ ਭੁੱਲਾ ਬਾਣੀਆ, ਦਿੱਤਾ ਸ਼ਹਿਤ ਉੱਲਟਾ।

ਕਿੱਤੇ : ਮੱਧਕਾਲੀ ਸਮਾਜ ਵਿੱਚ ਪ੍ਰਮੁੱਖ ਕਿੱਤਾ ਖੇਤੀਬਾੜੀ ਸੀ। ਵਾਹੀ ਕਰਨਾ ਇੱਕ ਉੱਤਮ ਪੇਸ਼ਾ ਸੀ। ਏਸੇ ਲਈ ਸਾਹਿਬਾਂ ਕਰਮੂੰ ਬ੍ਰਾਹਮਣ ਨੂੰ ਮਿਰਜ਼ੇ ਪਾਸ ਭੇਜਣ ਲਈ ਹੋਰਨਾਂ ਵਸਤੂਆਂ ਨਾਲ ਜ਼ਮੀਨ ਦਾ ਲਾਲਚ ਦਿੰਦੀ ਹੈ :

ਝੋਟੀ ਦਿਆਂ ਦੁੱਧ ਪੀਣ ਨੂੰ, ਹਲ ਦੀ ਜ਼ਿਮੀਂ ਇਨਾਮ।

ਬਾਕੀ ਕਿੱਤੇ ਖੇਤੀਬਾੜੀ ਅਤੇ ਰੋਜ਼ਾਨਾ ਜ਼ਿੰਦਗੀ ਦੀਆਂ ਲੋੜਾਂ ਨਾਲ ਜੁੜੇ ਹੋਏ ਸਨ। ਨਿੱਤ ਵਰਤੋਂ ਦੀਆਂ ਵਸਤੂਆਂ ਪਸਾਰੀ ਵੇਚਦੇ ਸਨ। ਬਾਣੀਏ ਵਪਾਰ ਕਰਦੇ ਸਨ :

ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ।
ਫੜ ਨਾ ਜਾਣੇ ਤੱਕੜੀ, ਹਾੜ ਨਾ ਜਾਣੇ ਵੱਟ।
ਤੇਲ ਭੁਲਾਵੇ ਭੁੱਲਾ ਬਾਣੀਆ, ਦਿੱਤਾ ਸ਼ਹਿਤ ਉੱਲਟ।
ਵਣਜ ਗਵਾ ਲੈ ਬਾਣੀਆਂ, ਬਲਦ ਗਵਾ ਲੈ ਜੱਟ।

ਲੁਹਾਰ, ਸੁਨਿਆਰ ਤੇ ਬ੍ਰਾਹਮਣ ਦੇ ਪੇਸ਼ਿਆਂ ਬਾਰੇ ਵੀ ਜਾਣਕਾਰੀ ਮਿਲਦੀ ਹੈ।

ਜਨਮ ਤੇ ਵਿਆਹ ਦੀਆਂ ਰਸਮਾਂ : ਬੱਚੇ ਦੇ ਜਨਮ 'ਤੇ ਖੁਸ਼ੀਆਂ ਮਨਾਈਆਂ ਜਾਂਦੀਆਂ ਸਨ ਤੇ ਮਰਾਸੀ, ਭੰਡ ਆਦਿ ਆ ਕੇ ਗਾਉਂਦੇ ਸਨ। ਵਿਆਹ ਦੀ ਰਸਮ ਸਮੇਂ ਨਾਨਕਿਆਂ ਵੱਲੋਂ ਲੜਕੀ ਨੂੰ ਸ਼ਗਨ ਦਿੱਤਾ ਜਾਂਦਾ ਸੀ :

ਉਹ ਨਾਨਕੇ ਮੈਂ ਦੋਹਿਤਰਾ, ਜਾਂਦੇ ਨੂੰ ਮੋੜ ਨਾ ਪਾ।
ਪੰਜ ਰੁਪਏ ਇੱਕ ਪੱਤਰਾ, ਮੈਂ ਨਿਉਂਦਾ ਪਾਊਂਗਾ ਜਾ।

ਵਿਆਹ 'ਤੇ ਵਿਸ਼ੇਸ਼ ਪਹਿਰਾਵਾ ਪਹਿਨਿਆ ਜਾਂਦਾ ਸੀ ਅਤੇ ਅਤਰ ਫਲੇਲ ਦੀ ਵਰਤੋਂ ਕੀਤੀ ਜਾਂਦੀ ਸੀ :

ਅੰਦਰ ਬੈਠੇ ਨਾਨਕੇ, ਬੂਹੇ ਬੈਠਾ ਮੇਲ।
ਥਾਲੀ ਬਟੂਵਾ ਰਹਿ ਗਿਆ, ਕੁੱਪੇ ਅਤਰ ਫੁਲੇਲ।
ਗਹਿਣੇ ਸਣੇ ਪਟਾਰੀਆਂ, ਝਾਂਜਰ ਸਣੇ ਹਮੇਲ।

ਕਿੱਸਾਕਾਰਾਂ ਨੇ ਅਜਿਹੀਆਂ ਟਿੱਪਣੀਆਂ ਕੀਤੀਆਂ ਹਨ, ਜਿਹੜੀਆਂ ਅਟੱਲ ਸਚਾਈਆਂ ਦਾ ਰੂਪ ਧਾਰਨ ਕਰ ਗਈਆਂ ਹਨ ਜਾਂ ਉਨ੍ਹਾਂ ਵਿੱਚ ਅਟੱਲ ਸੱਚਾਈਆਂ ਦਾ ਰੂਪ ਧਾਰਨ ਕਰ ਜਾਣ ਦੀ ਸਮਰੱਥਾ ਹੈ। ਇਨ੍ਹਾਂ ਨੇ ਪੰਜਾਬੀ ਸੱਭਿਆਚਾਰ ਨੂੰ ਅਮੀਰ ਕੀਤਾ ਹੈ। ਭਾਸ਼ਾ ਤੇ ਸੱਭਿਆਚਾਰ ਦਾ ਗੂੜ੍ਹਾ ਸੰਬੰਧ ਹੈ। ਭਾਸ਼ਾ ਬਦਲਦੀਆਂ ਪਰਿਸਥਿਤੀਆਂ ਵਿੱਚ ਸੱਭਿਆਚਾਰਿਕ ਕੀਮਤਾਂ ਨੂੰ ਆਪਣੇ ਵਿੱਚ ਸਮੋ ਕੇ ਨਵੇਂ ਅਰਥ ਪ੍ਰਦਾਨ ਕਰਦੀ ਰਹੀ ਹੈ। ਕਿੱਸਾਕਾਰਾਂ ਨੇ ਆਮ ਬੋਲੀ ਨੂੰ ਆਪਣੀ ਲਿਖਤ ਦਾ ਵਾਹਣ ਬਣਾਇਆ। ਉਨ੍ਹਾਂ ਬਦੇਸ਼ੀ ਭਾਸ਼ਾ ਦੇ ਉਹੋ ਸ਼ਬਦ ਲਏ ਜਿਹੜੇ ਪੰਜਾਬੀ ਵਿੱਚ ਰਚ ਮਿਚ ਗਏ ਸਨ। ਸਮੇਂ ਸਮੇਂ 'ਤੇ ਆਏ ਭਾਸ਼ਾਈ ਪਰਿਵਰਤਨਾਂ ਨੂੰ ਕਿੱਸਿਆਂ ਵਿੱਚ ਵੇਖਿਆ ਜਾ ਸਕਦਾ ਹੈ। ਮੁਸਲਮਾਨਾਂ ਦੇ ਆਉਣ ਨਾਲ ਅਰਬੀ, ਫਾਰਸੀ ਭਾਸ਼ਾਵਾਂ ਦਾ ਪੰਜਾਬੀ 'ਤੇ ਪ੍ਰਭਾਵ ਪਿਆ। ਸੱਭਿਆਚਾਰਿਕ ਲੋੜਾਂ ਅਨੁਸਾਰ ਅਲੰਕਾਰਾਂ ਦੀ ਵੀ ਪੰਜਾਬੀ ਕਿੱਸਿਆਂ ਵਿੱਚ ਵਰਤੋਂ ਕੀਤੀ ਗਈ ਹੈ। ਪੀਲੂ ਦੇ ਕਿੱਸੇ ਵਿੱਚ ਮਿਲਦੀਆਂ ਅਟੱਲ ਸੱਚਾਈਆਂ, ਬੋਲੀ ਤੇ ਅਲੰਕਾਰਾਂ ਬਾਰੇ ਅਗਲੇ ਅਧਿਆਇ ਵਿੱਚ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ।

ਇਸ ਤਰ੍ਹਾਂ ਪੀਲੂ ਦੇ ਕਿੱਸੇ ਦਾ ਭਾਵੇਂ ਪੂਰਾ ਮਤਨ ਨਹੀਂ ਮਿਲਦਾ, ਫਿਰ ਵੀ ਮਿਲਦੇ ਮਤਨ ਵਿੱਚ ਸਮਾਜ ਤੇ ਸੱਭਿਆਚਾਰ ਦੀ ਭਰਪੂਰ ਝਲਕ ਮਿਲਦੀ ਹੈ। ਇਹੋ ਕਾਰਨ ਹੈ ਕਿ ਕਿੱਸਾ ਅਜੇ ਤੀਕ ਵੀ ਹਰਮਨ ਪਿਆਰਾ ਹੈ। ਜਦੋਂ ਕਵੀ ਇਸ ਦੀਆਂ ਸੱਦਾਂ ਕਰੁਣਾਮਈ ਆਵਾਜ਼ ਵਿੱਚ ਗਾਉਂਦੇ ਹਨ ਤਾਂ ਪੰਜਾਬੀਆਂ ਦੇ ਮਨ ਝੂਮ ਉੱਠਦੇ ਹਨ।

ਹਵਾਲੇ ਤੇ ਟਿੱਪਣੀਆਂ

1. ਸਵਰਨ ਸਿੰਘ, 'ਕਿੱਸਾ-ਕਾਵਿ ਸਮਾਜ ਤੇ ਸੱਭਿਆਚਾਰ', ਪੰਨਾ-54
2. ਉਧਰਿਤ, ਉਹੀ ਪੰਨਾ 56
3. 'ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ', ਪੰਨਾ 23
4. ਸਵਰਨ ਸਿੰਘ, 'ਕਿੱਸਾ-ਕਾਵਿ ਵਿਚ ਸਮਾਜ ਤੇ ਸੱਭਿਆਚਾਰ', ਪੰਨਾ 86
5. ਉਹੀ, ਪੰਨਾ 159

*****

ਕਿੱਸਾਕਾਰੀ

ਪੀਲੂ ਮਿਰਜ਼ੇ ਸਾਹਿਬਾਂ ਦਾ ਕਿੱਸਾ ਲਿਖਣ ਵਾਲਾ ਪਹਿਲਾ ਕਿੱਸਾਕਾਰ ਹੈ। ਪੁਰਾਣੇ ਕਿੱਸਾਕਾਰਾਂ ਨੇ ਉਸ ਦੀ ਤਾਰੀਫ਼ ਕੀਤੀ ਹੈ :

ਯਾਰੋ ਪੀਲੂ ਨਾਲ ਬਰਾਬਰੀ ਸ਼ਾਇਰ ਭੁੱਲ ਕਰੇਨ,
ਜਿਹਨੂੰ ਪੰਜਾਂ ਪੀਰਾਂ ਦੀ ਥਾਪਨਾ ਕੰਧੀ ਦਸਤ ਧਰੇਨ।

(ਹਾਫ਼ਿਜ਼ ਬਰਖ਼ੁਰਦਾਰ)

ਪੀਲੂ ਨਾਲ ਨਾ ਰੀਸ ਕਿਸੇ ਦੀ ਉਸ ਵਿੱਚ ਸੋਜ਼ ਅਲਹਿਦੀ।

(ਅਹਿਮਦਯਾਰ)

ਇਸ ਤੋਂ ਪਤਾ ਲੱਗਦਾ ਹੈ ਕਿ ਪੀਲੂ ਦਾ ਇਹ ਕਿੱਸਾ ਬਹੁਤ ਪ੍ਰਸਿੱਧ ਸੀ। ਪਰ ਬਦਕਿਸਮਤੀ ਨਾਲ ਇਹ ਕਿੱਸਾ ਸੰਪੂਰਨ ਨਹੀਂ ਮਿਲਦਾ। ਟੈਪਲ ਨੇ ਇਹ ਕਿੱਸਾ ਢਾਡੀਆਂ, ਮਰਾਸੀਆਂ ਜਾਂ ਗਮੰਤ੍ਰੀਆਂ ਤੋਂ ਸੁਣ ਕੇ ਲਿਪੀਬੱਧ ਕੀਤਾ ਹੈ। ਇੰਜ ਇਹ ਕਿੱਸਾ ਵਿਗੜੇ ਰੂਪ ਵਿਚ ਸਾਡੇ ਤੀਕ ਪੁੱਜਾ ਹੈ, ਜੋ ਅਧੂਰਾ ਵੀ ਹੈ। ਇਸ ਲਈ ਪੀਲੂ ਦੀ ਕਿੱਸਾਕਾਰੀ/ਕਾਵਿ-ਸ਼ੈਲੀ ਬਾਰੇ ਨਿਰਨਾ ਕਰਨਾ ਨਿਆਇਕਾਰੀ ਨਹੀਂ ਲੱਗਦਾ। ਫਿਰ ਵੀ ਪ੍ਰਾਪਤ ਮਤਨ ਦੇ ਅਧਾਰ 'ਤੇ ਪੀਲੂ ਦੀ ਕਾਵਿ-ਸ਼ੈਲੀ/ਕਿੱਸਾਕਾਰੀ/ਰਚਨਾ ਵਿਧਾਨ/ਸਾਹਿਤਕ ਆਲੋਚਨਾ ਹੇਠ ਲਿਖੇ ਲੱਛਣਾਂ ਦੇ ਆਧਾਰ 'ਤੇ ਨਿਰਧਾਰਿਤ ਕੀਤੀ ਗਈ ਹੈ :-

1. ਮੰਗਲਾਚਰਨ

ਹਰ ਕਿੱਸਾਕਾਰ ਨੇ ਕਿੱਸੇ ਦਾ ਅਰੰਭ ਮੰਗਲਾਚਰਨ ਨਾਲ ਕੀਤਾ ਹੈ। ਇਸ ਵਿੱਚ ਉਨ੍ਹਾਂ ਨੇ ਆਪਣੇ ਇਸ਼ਟ ਨੂੰ ਧਿਆਇਆ ਹੈ। ਸਾਡੇ ਮੁੱਢਲੇ ਕਿੱਸਾਕਾਰ ਦਮੋਦਰ ਨੇ ਆਪਣੇ ਕਿੱਸੇ ਦਾ ਅਰੰਭ ਸਾਹਿਬ ਦੇ ਨਾਂ ਨਾਲ ਕੀਤਾ ਹੈ :-

ਅੱਵਲ ਨਾਮ ਸਾਹਿਬ ਦਾ ਲਈਏ ਜਿਸ ਇਹ ਜਗਤ ਉਪਾਇਆ।
ਜਿਮੀਂ ਅਸਮਾਨ ਪਲਕ ਦੁਰੁ ਸੀਤੀ ਕੁਦਰਤ ਨਾਲ ਟਿਕਾਇਆ।

ਪੀਲੂ ਦੇ ਉਪਲਬਧ ਮਤਨ ਵਿੱਚ ਮੰਗਲਾਚਰਨ ਨਹੀਂ ਹੈ ਤੇ ਕਿੱਸੇ ਦਾ ਅਰੰਭ ਸਾਹਿਬਾਂ ਦੇ ਜਨਮ ਨਾਲ ਕੀਤਾ ਗਿਆ ਹੈ। ਇੱਕ ਗੱਲ ਸਪੱਸ਼ਟ ਹੈ ਕਿ ਪੀਲੂ ਕਿੱਸਾ-ਕਲਾ ਵਿੱਚ ਪ੍ਰਬੀਨ ਸੀ। ਕਿਉਂਕਿ ਪੂਰਾ ਕਿੱਸਾ ਨਹੀਂ ਮਿਲਦਾ ਇਸ ਲਈ ਹੋ ਸਕਦਾ ਹੈ ਕਿ ਪੀਲੂ ਨੇ ਮੰਗਲਾਚਰਨ ਲਿਖਿਆ ਹੋਵੇ ਪਰ ਇਹ ਸਾਡੇ ਤੀਕ ਨਾ ਪੁੱਜਾ ਹੋਵੇ।

2. ਕਥਾਨਕ

ਪੀਲੂ ਨੇ ਆਪਣੇ ਕਿੱਸੇ ਦੇ ਅਰੰਭ ਵਿੱਚ ਕੋਈ ਭੂਮਿਕਾ ਨਹੀਂ ਬੰਨ੍ਹੀ। ਪਹਿਲੇ ਬੰਦ ਵਿੱਚ ਖੀਵੇ ਖ਼ਾਨ ਦੇ ਘਰ ਸਾਹਿਬਾਂ ਦਾ ਮੰਗਲਵਾਰ ਜੰਮਣਾ ਅਤੇ ਮੁਟਿਆਰ ਹੋਣਾ ਦੱਸਿਆ

ਹੈ। ਦੂਜੇ ਬੰਦ ਵਿੱਚ ਵੰਝਲ ਦੇ ਘਰ ਮਿਰਜ਼ੇ ਦਾ ਜੰਮਣਾ ਅਤੇ ਖਰਲਾਂ ਦਾ ਸਰਦਾਰ ਬਣਨਾ ਦਰਸਾਇਆ ਹੈ। ਇੰਜ ਨਾਇਕ ਨਾਇਕਾ ਬਾਰੇ ਜਾਣਕਾਰੀ ਪਹਿਲੇ ਦੋ ਬੰਦਾਂ ਵਿੱਚ ਹੀ ਦੇ ਦਿੱਤੀ ਗਈ ਹੈ। ਫਿਰ, ਦੋਵਾਂ ਦੇ ਪਿਆਰ ਪੈਣ ਤੇ ਪਿਆਰ ਦੇ ਭੇਦ ਖੁੱਲ੍ਹਣ ਦੀ ਗੱਲ ਕਹੀ ਗਈ ਹੈ। ਉਨ੍ਹਾਂ ਦਾ ਪਿਆਰ ਕਿਵੇਂ ਪਿਆ ਤੇ ਕਿਵੇਂ ਜਹਾਨ ਨੂੰ ਪਤਾ ਲੱਗਾ? ਇਸ ਬਾਰੇ ਕੋਈ ਵੇਰਵਾ ਨਹੀਂ ਦਿੱਤਾ ਗਿਆ। ਇਸ ਪਿੱਛੋਂ ਸਾਹਿਬਾਂ ਦੇ ਹੁਸਨ ਦਾ ਵਰਣਨ ਹੈ। ਉਸ ਦੇ ਹੁਸਨ ਦੇ ਮਾਰੂ ਪ੍ਰਭਾਵ ਤੋਂ ਕੋਈ ਨਹੀਂ ਬਚਦਾ। ਇਸ ਬਾਅਦ ਸਾਹਿਬਾਂ ਤੇ ਕਰਮੂੰ ਦਾ ਸੰਵਾਦ ਹੈ। ਸਾਹਿਬਾਂ ਮਿਰਜ਼ੇ ਨੂੰ ਸੁਨੇਹਾ ਦੇਣ ਲਈ ਕਹਿੰਦੀ ਹੈ ਕਿ ਚੌਥੇ ਨੂੰ ਚੰਧੜ ਉਸ ਨੂੰ ਵਿਆਹੁਣ ਲਈ ਢੁਕ ਰਹੇ ਹਨ। ਕਰਮੂੰ ਮਿਰਜ਼ੇ ਦੀ ਨਿੰਦਿਆ ਕਰਦਾ ਹੈ ਤੇ ਸਾਹਿਬਾਂ ਨੂੰ ਉਸ ਨਾਲ ਪਿਆਰ ਪਾਉਣ ਲਈ ਕਹਿੰਦਾ ਹੈ। ਸਾਹਿਬਾਂ ਉਸ ਨੂੰ ਕਰਾਰਾ ਉੱਤਰ ਦਿੰਦੀ ਹੈ। ਪੀਲੂ ਨੇ ਇਹ ਨਹੀਂ ਦੱਸਿਆ ਕਿ ਸਾਹਿਬਾਂ ਦਾ ਵਿਆਹ ਕਿਸ ਹਾਲਤ ਵਿੱਚ ਨਿਸ਼ਚਿਤ ਹੋਇਆ। ਸਾਹਿਬਾਂ ਦੀ ਮਾਨਸਿਕ ਅਵੱਸਥਾ ਦਾ ਵੀ ਕੋਈ ਜ਼ਿਕਰ ਨਹੀਂ। ਇੰਜ ਇੱਥੇ ਕਾਰਜ ਦੀ ਲੜੀ ਟੁੱਟ ਜਾਂਦੀ ਹੈ।

ਇਸ ਤੋਂ ਅਗਲੀ ਮਹੱਤਵਪੂਰਨ ਘਟਨਾ ਮਿਰਜ਼ੇ ਨੂੰ ਕਰਮੂੰ ਦੁਆਰਾ ਸਾਹੇ ਦਾ ਪਤਾ ਲੱਗਣਾ ਹੈ। ਮਿਰਜ਼ਾ ਸਾਹਿਬਾਂ ਪਾਸ ਜਾਣ ਲਈ ਤਿਆਰ ਹੁੰਦਾ ਹੈ। ਮਿਰਜ਼ੇ ਦੀ ਭੈਣ ਛਹਿਤੀ ਦਾ ਵਿਆਹ ਧਰਿਆ ਹੈ। ਉਹ ਭਰਾ ਨੂੰ ਰੋਕਦੀ ਹੈ ਕਿ ਉਹ ਉਸ ਦੇ ਵਿਆਹ ਪਿੱਛੋਂ ਜਾਵੇ। ਮਿਰਜ਼ੇ ਦਾ ਕਹਿਣਾ ਹੈ ਕਿ ਉਸ ਦੇ ਵਿਆਹ ਲਈ ਪਿੱਛੇ ਚਾਰ ਭਰਾ ਹਨ। ਉਸ ਦਾ ਜਾਣਾ ਜ਼ਰੂਰੀ ਹੈ, ਕਿਉਂਕਿ ਜੇ ਉਹ ਨਾ ਗਿਆ ਤਾਂ ਖਰਲਾਂ ਨੂੰ ਹਾਰ ਆਵੇਗੀ। ਏਸੇ ਤਰ੍ਹਾਂ ਮਿਰਜ਼ੇ ਦੀ ਮਾਂ ਵਿੱਚ ਸੰਵਾਦ ਹੈ। ਮਾਂ ਇੱਕ ਦਿਨ ਰੁਕਣ ਲਈ ਕਹਿੰਦੀ ਹੈ ਪਰ ਮਿਰਜ਼ਾ ਕਿੱਥੇ ਰੁਕਦਾ ਹੈ। ਪਰ ਇਹ ਬੰਦ ਬੜੇ ਉਘੜੇ ਦੁਗੜੇ ਹਨ। ਇਸ ਸੰਵਾਦ ਵਿੱਚ ਹੀ ਵੰਝਲ ਮੱਤ ਦੇਂਦਾ ਦਰਸਾਇਆ ਗਿਆ ਹੈ।

ਕਿੱਸੇ ਦੀ ਅਗਲੀ ਪ੍ਰਮੁੱਖ ਘਟਨਾ ਮਿਰਜ਼ੇ ਦਾ ਸਾਹਿਬਾਂ ਦੇ ਪਿੰਡ ਆਉਣਾ ਹੈ ਤੇ ਉਸ ਨੂੰ ਕੱਢ ਖੜਨਾ ਹੈ। ਇੱਥੇ ਘਟਦੀਆਂ ਘਟਨਾਵਾਂ ਦੀ ਤਰਤੀਬ ਵੀ ਠੀਕ ਨਹੀਂ। ਮਿਰਜ਼ਾ ਧਰਮ ਦੀ ਮਾਸੀ ਬੀਬੋ ਦੇ ਘਰ ਆਉਂਦਾ ਹੈ ਤੇ ਸਾਹਿਬਾਂ ਨਾਲ ਮੇਲ ਕਰਾਉਣ ਲਈ ਕਹਿੰਦਾ ਹੈ। ਬੀਬੋ ਚਾਰ ਮੁਹਰਾਂ ਲੈ ਕੇ ਸਾਹਿਬਾਂ ਦੇ ਘਰ ਜਾਂਦੀ ਹੈ ਤੇ ਸੁੱਤੀ ਹੋਈ ਸਾਹਿਬਾਂ ਨੂੰ ਜਗਾਉਂਦੀ ਹੈ। ਮਿਰਜ਼ੇ ਤੇ ਸਾਹਿਬਾਂ ਦਾ ਮੇਲ ਹੁੰਦਾ ਹੈ। ਸਾਹਿਬਾਂ ਬੀਬੋ ਨੂੰ ਪੁੱਛਦੀ ਹੈ ਕਿ ਤੁਰਲੇ ਵਾਲਾ ਜਵਾਨ ਕੌਣ ਹੈ? ਤੇ ਆਪੇ ਉੱਤਰ ਦੇ ਦਿੰਦੀ ਹੈ ਕਿ ਇਹ ਮੇਰਾ ਮਿਰਜ਼ਾ ਹੈ। ਮੁਲਾਕਾਤ ਸਮੇਂ ਉਹ ਮਿਰਜ਼ੇ ਨੂੰ ਆਪਣੀਆਂ ਬਾਹਵਾਂ ਜ਼ੋਰ ਨਾਲ ਨਾ ਫੜਨ ਲਈ ਕਹਿੰਦੀ ਹੈ ਕਿਉਂਕਿ ਉਸ ਨੇ ਕਲ੍ਹ ਹੀ ਨਵੀਆਂ ਵੰਗਾਂ ਚੜ੍ਹਾਈਆਂ ਹਨ ਤੇ ਉਹ ਅਜਿਹਾ ਕਰਨ ਨਾਲ ਟੁੱਟ ਸਕਦੀਆ ਹਨ। ਅੱਗੇ ਜਾ ਕੇ ਉਹ ਮਿਰਜ਼ੇ ਨੂੰ ਦਾਨਾਬਾਦ ਨੂੰ ਉਸ ਨੂੰ ਲੈ ਕੇ ਚਲਣ ਲਈ ਕਹਿੰਦੀ ਹੈ। ਇਸ ਤੋਂ ਅਗਲੀ ਘਟਨਾ ਮਿਰਜ਼ੇ ਦਾ ਜਾਮ ਲੁਹਾਰ ਕੋਲ ਜਾ ਕੇ ਕਿੱਲੀਆਂ ਘੜਾਉਣਾ ਹੈ। ਇਨ੍ਹਾਂ ਕਿੱਲੀਆਂ ਦੀ ਸਹਾਇਤਾ ਨਾਲ ਮਿਰਜ਼ਾ ਸਾਹਿਬਾਂ ਦੇ ਘਰ

ਉੱਤਰਦਾ ਹੈ ਤੇ ਸਾਹਿਬਾਂ ਨੂੰ ਨਾਲ ਲੈ ਕੇ ਨਿਕਲ ਤੁਰਦਾ ਹੈ। ਇੰਜ ਇੱਥੇ ਵੀ ਘਟਨਾਵਾਂ ਦੀ ਤਰਤੀਬ ਇਕਸਾਰ ਨਹੀਂ। ਸਾਹਿਬਾਂ ਕਮਜ਼ੋਰ ਘੋੜੀ ਨੂੰ ਵੇਖ ਕੇ ਉਸ ਦੀ ਨਿੰਦਿਆ ਕਰਦੀ ਹੈ, ਕਿ ਤੇਰੀ ਕਾਵਾਂ ਖਾਧੀ ਕੰਗਰੋੜ ਵਾਲੀ ਘੋੜੀ ਮਾੜੀ ਹੈ ਤੇ ਖੀਵੇ ਖ਼ਾਨ ਦੇ ਘੋੜੇ ਉੱਧਲ ਗਈਆਂ ਦੇ ਚੋਰਾਂ ਨੂੰ ਭੱਜਣ ਨਹੀਂ ਦੇਣਗੇ। ਘੋੜੀ ਸੰਬੰਧੀ ਸੰਵਾਦ ਪਿੱਛੋਂ ਦੱਸਿਆ ਜਾਂਦਾ ਹੈ ਕਿ ਫੀਰੋਜ਼ ਡੋਗਰ ਉਨ੍ਹਾਂ ਦੇ ਉਧਲਨ ਦੀ ਖ਼ਬਰ ਦਿਦਾ ਹੈ। ਕਿੱਸੇ ਵਿੱਚ ਆਖਰੀ ਮੁੱਖ ਘਟਨਾ ਸਿਆਲਾਂ ਤੇ ਚੰਧੜਾਂ ਦਾ ਮਿਰਜ਼ੇ 'ਤੇ ਹਮਲਾ ਹੈ। ਇਹ ਕਹਾਣੀ ਦਾ ਸਿਖਰ ਹੈ ਤੇ ਪਾਠਕ ਮਿਰਜ਼ਾ ਸਾਹਿਬਾਂ ਦੀ ਹੋਣੀ ਬਾਰੇ ਜਾਨਣ ਲਈ ਉਤਸੁਕ ਹੁੰਦਾ ਹੈ। ਖੀਵੇ ਖਾਨ ਦੀ ਵਾਹਰ ਪਿੱਛਾ ਕਰਦੀ ਹੈ। ਚੰਧੜਾਂ ਤੇ ਸਿਆਲਾਂ ਦੇ ਹੱਥਾਂ ਵਿੱਚ ਰੰਗੀਲੀਆਂ ਤੇਗਾਂ ਹਨ। ਸਾਹਿਬਾਂ ਦੇ ਵੀਰ ਇਨ੍ਹਾਂ ਦੀ ਅਗਵਾਈ ਕਰਦੇ ਹਨ। ਮਿਰਜ਼ਾ ਰਾਹ ਵਿੱਚ ਸੌਂ ਜਾਂਦਾ ਹੈ। ਸਾਹਿਬਾਂ ਜਾਗਦੀ ਰਹਿੰਦੀ ਹੈ ਤੇ ਧਾੜ ਨੇੜੇ ਆਉਣ 'ਤੇ ਆਪਣੇ ਭਰਾਵਾਂ ਨੂੰ ਪਛਾਣ ਲੈਂਦੀ ਹੈ। ਉਹ ਮਿਰਜ਼ੇ ਨੂੰ ਜਗਾਉਂਦੀ ਹੈ ਪਰ ਮਿਰਜ਼ਾ ਜਾਗਦਾ ਨਹੀਂ। ਸਾਹਿਬਾਂ ਆਪਣੇ ਭਰਾਵਾਂ ਨੂੰ ਬਚਾਉਣ ਲਈ ਮਿਰਜ਼ੇ ਦਾ ਤਰਕਸ਼ ਜੰਡ 'ਤੇ ਟੰਗ ਦਿੰਦੀ ਹੈ। ਧਾੜ ਮਿਰਜ਼ੇ 'ਤੇ ਟੁੱਟ ਕੇ ਪੈ ਜਾਂਦੀ ਹੈ। ਸਾਹਿਬਾਂ ਦੇ ਭਰਾ ਆਉਂਦੇ ਹਨ ਤੇ ਮਿਰਜ਼ੇ ਨੂੰ ਤੀਰਾਂ ਨਾਲ ਛਾਨਣੀ ਕਰ ਦਿੰਦੇ ਹਨ। ਮਿਰਜ਼ੇ ਦੀ ਮੌਤ ਹੋ ਜਾਂਦੀ ਹੈ ਤੇ ਘਟਨਾ ਕਰਮ ਸਮਾਪਤ ਹੋ ਜਾਂਦਾ ਹੈ। ਪੀਲੂ ਨੇ ਸਾਹਿਬਾਂ ਦੀ ਮੌਤ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਕਥਾਨਕ ਵਿੱਚ ਕਈ ਥਾਈ ਖੱਪੇ ਹਨ। ਅਜਿਹਾ ਇਸ ਲਈ ਹੈ ਕਿ ਕਿੱਸੇ ਦਾ ਲਿਖਤੀ ਮਤਨ ਮਿਲਦਾ ਨਹੀਂ। ਸਰ ਰਿਚਰਡ ਟੈਂਪਲ ਨੇ ਇਹ ਕਿੱਸਾ ਮਰਾਸੀ ਪਾਸੋਂ ਸੁਣ ਕੇ ਲਿਪੀ ਬੱਧ ਕੀਤਾ। ਇਸ ਲਈ ਸੰਭਾਵਨਾ ਇਹੋ ਹੈ ਕਿ ਮਰਾਸੀ ਨੇ ਇਹ ਕਿੱਸਾ ਟੋਟਿਆਂ ਵਿੱਚ ਸੁਣਾਇਆ ਤੇ ਟੈਂਪਲ ਨੇ ਉਸ ਤਰਤੀਬ ਵਿੱਚ ਹੀ ਜੋੜ ਦਿੱਤਾ।

3. ਪਾਤਰ ਚਿਤਰਨ

ਪੀਲੂ ਨੇ ਪਾਤਰਾਂ ਦੀ ਗਿਣਤੀ ਸੀਮਤ ਰੱਖੀ ਹੈ। ਮੁੱਖ ਪਾਤਰ ਮਿਰਜ਼ਾ ਤੇ ਸਾਹਿਬਾਂ ਹਨ। ਇਨ੍ਹਾਂ ਦੁਆਲੇ ਸਾਰੀ ਕਹਾਣੀ ਘੁੰਮਦੀ ਹੈ। ਬਾਕੀ ਪਾਤਰ ਖੀਵਾ ਖਾਨ, ਸ਼ਮੀਰ, ਵੰਞਲ, ਕਰਮੂੰ ਬ੍ਰਾਹਮਣ, ਫੀਰੋਜ਼ ਡੋਗਰ, ਛਹਿਤੀ, ਬੀਬੋ ਤੇ ਮਿਰਜ਼ੇ ਦੀ ਮਾਂ ਗੌਣ ਪਾਤਰ ਹਨ। ਬੱਕੀ ਘੋੜੀ ਵੀ ਪਾਤਰ ਦਾ ਰੂਪ ਧਾਰਨ ਕਰ ਗਈ ਹੈ। ਇਹ ਕਹਾਣੀ ਸੱਚੀ ਹੋਣ ਕਰਕੇ ਪਾਤਰ ਵੀ ਸੱਚੇ ਹਨ। ਮਿਰਜ਼ੇ ਤੇ ਸਾਹਿਬਾਂ ਕਰਕੇ ਸਿਆਲਾਂ ਅਤੇ ਖਰਲਾਂ ਵਿੱਚ ਅਜੇ ਤੀਕ ਵੈਰ ਚਲਿਆ ਆ ਰਿਹਾ ਹੈ। ਦਾਨਾਬਾਦ ਵਿੱਚ ਉਹ ਮਸਜਿਦ ਅਜੇ ਵੀ ਕਾਇਮ ਹੈ, ਜਿੱਥੇ ਮਿਰਜ਼ਾ ਸਾਹਿਬਾਂ ਇਕੱਠੇ ਪੜ੍ਹਦੇ ਰਹੇ ਹਨ।

ਮਿਰਜ਼ਾ : ਇਹ ਕਿੱਸੇ ਦਾ ਨਾਇਕ ਹੈ। ਉਹ ਵੰਞਲ ਦਾ ਪੁੱਤਰ ਹੈ, ਜਿਸ ਦੀ ਜਾਤ ਖਰਲ ਹੈ। ਉਹ ਜਨਮ ਤੋਂ ਹੀ ਸੁੰਦਰ ਹੈ :

ਜਨਮ ਦਿੱਤਾ ਮਾਈ ਬਾਪ ਨੇ, ਰੂਪ ਦਿੱਤਾ ਕਰਤਾਰ।

ਉਹ ਜਵਾਨ ਹੋ ਕੇ ਖਰਲਾਂ ਦਾ ਸਰਦਾਰ ਬਣਦਾ ਹੈ। ਉਸ ਨੇ ਮੁਢਲੀ ਵਿਦਿਆ ਮਸੀਤ ਦੇ ਕਾਜ਼ੀ ਪਾਸੋਂ ਲਈ। ਇਸ ਮਸੀਤ ਵਿੱਚ ਹੀ ਉਸ ਦਾ ਸਾਹਿਬਾਂ ਨਾਲ ਪਿਆਰ ਪਿਆ। ਸਾਹਿਬਾਂ ਉਸ ਦੇ ਮਾਮੇ ਦੀ ਧੀ ਸੀ। ਪਿਆਰ ਦਾ ਭੇਦ ਖੁੱਲ੍ਹਣ 'ਤੇ ਮਿਰਜ਼ੇ ਨੂੰ ਦਾਨਾਬਾਦ ਭੇਜ ਦਿੱਤਾ ਜਾਂਦਾ ਹੈ। ਪਰ ਪਿਆਰ ਦੀ ਚਿਣਗ ਦੋਵਾਂ ਪ੍ਰੇਮੀਆਂ ਵਿੱਚ ਧੁਖਦੀ ਰਹਿੰਦੀ ਹੈ। ਉਹ ਪੰਜਾਬੀ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਦੀ ਪ੍ਰਤੀਨਿਧਤਾ ਕਰਦਾ ਹੈ। ਸੱਚਾ ਪ੍ਰੇਮੀ ਹੋਣ ਕਰਕੇ ਉਹ ਆਪਣੇ ਪਿਆਰ ਤੇ ਅਣਖ ਪਿੱਛੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਹੈ। ਸਾਹਿਬਾਂ ਦਾ ਸੁਨੇਹਾ ਮਿਲਦਾ ਹੈ। ਘਰ ਭੈਣ ਦਾ ਵਿਆਹ ਧਰਿਆ ਹੈ। ਪਿਉ, ਭੈਣ ਤੇ ਮਾਂ ਰੋਕਦੀਆਂ ਹਨ ਪਰ ਉਹ ਰੁਕਦਾ ਨਹੀਂ। ਮਾਂ ਉਸ ਨੂੰ ਸੁਚੇਤ ਕਰਦੀ ਹੈ:

ਚੜ੍ਹਦੇ ਮਿਰਜ਼ੇ ਖਾਨ ਨੂੰ, ਮੱਤਾਂ ਦੇਵੇ ਮਾਂ।
ਬੁਰੇ ਸਿਆਲਾਂ ਦੇ ਮਾਮਲੇ, ਬੁਰੀ ਸਿਆਲਾਂ ਦੀ ਰਾਹ।
ਬੁਰੀਆਂ ਸਿਆਲਾਂ ਦੀਆਂ ਔਰਤਾਂ, ਲੈਂਦੀਆਂ ਜਾਦੂ ਪਾ।
ਕੱਢ ਕਲੇਜੇ ਖਾਂਦੀਆਂ, ਮੇਰੇ ਝਾਟੇ ਤੇਲ ਨਾ ਪਾ।
ਰੰਨ ਦੀ ਖ਼ਾਤਿਰ ਚਲਿਐਂ, ਆਵੇਂ ਜਾਨ ਗੰਵਾ।
ਆਖੇ ਮੇਰੇ ਲੱਗ ਜਾ, ਅੱਗੇ ਪੈਰ ਨਾ ਪਾ।

ਪਰ ਪਿਆਰ ਦਾ ਵਿੰਨ੍ਹਿਆ ਮਿਰਜ਼ਾ ਆਪਣੀ ਪ੍ਰੇਮਿਕਾ ਹੱਥੋਂ ਜ਼ਹਿਰ ਦਾ ਪਿਆਲਾ ਪੀਣ ਅਤੇ ਬਰਛੀਆਂ ਖਾਣ ਲਈ ਤਿਆਰ ਹੈ :

ਕੱਢ ਕਲੇਜਾ ਲੈ ਗਈ, ਖ਼ਾਨ ਖੀਵੇ ਦੀ ਧੀ।
ਗਜ਼ ਗਜ਼ ਲੰਮੀਆਂ ਮੀਢੀਆਂ, ਰੰਗ ਜੋ ਗੋਰਾ ਸੀ।
ਜੇ ਦੇਵੇ ਪਿਆਲਾ ਜ਼ਹਿਰ ਦਾ, ਮੈਂ ਮਿਰਜ਼ਾ ਲੈਂਦਾ ਪੀ।
ਜੇ ਮਾਰੇ ਬਰਛੀ ਕੱਸ ਕੇ, ਮਿਰਜ਼ਾ ਕਦੀ ਨਾ ਕਰਦਾ ਸੀ।

ਇਸ ਅਵਸਥਾ ਵਿੱਚ ਉਹ ਸਾਹਿਬਾਂ ਦੇ ਸੱਦੇ ਨੂੰ ਕਿਵੇਂ ਠੁਕਰਾ ਸਕਦਾ ਹੈ :

ਸੱਦਿਆ ਸਾਹਿਬਾਂ ਸਿਆਲ, ਕੀਕਰ ਦੇਵਾਂ ਜਵਾਬ।
ਉਹ ਆਪਣੀ ਮੌਤੇ, ਆਪ ਮਰਨਾ ਚਾਹੁੰਦਾ ਹੈ :
ਆਪਣੀ ਮੌਤੇ ਮੈਂ ਮਰਾਂ, ਮੇਰੇ ਨਾਲ ਤੁਹਾਨੂੰ ਕੀ?

ਉਹ ਪੰਜਾਬੀਆਂ ਦਾ ਪ੍ਰਤੀਨਿਧ ਪਾਤਰ ਹੈ, ਜਿਹੜਾ ਅਣਖ ਪਿੱਛੇ ਮਰ ਮਿਟਣ ਲਈ ਤਿਆਰ ਹੈ। ਸਾਹਿਬਾਂ ਨੂੰ ਉਹ ਆਪਣੀ ਮੰਗੇਤਰ ਸਮਝਦਾ ਹੈ। ਮੰਗੇਤਰ ਨੂੰ ਕੋਈ ਵਿਆਹ ਖੜੇ, ਇਹ ਪੰਜਾਬੀ ਗੱਭਰੂ ਕਦੋਂ ਬਰਦਾਸ਼ਤ ਕਰ ਸਕਦਾ ਹੈ :

ਵਿਆਹੀ ਹੋਵੇ ਛੱਡ ਦੇਵਾਂ, ਮੰਗ ਨਾ ਛੱਡੀ ਜਾ।
ਜੇ ਕਰ ਮੰਗ ਮੈਂ ਛੱਡ ਦੇਵਾਂ, ਲੱਗੇ ਖਰਲਾਂ ਨੂੰ ਲਾਜ।
ਪੁੱਤ ਮਿਰਜ਼ਾ ਨੂੰਹ ਸਾਹਿਬਾਂ, ਸਾਡੀ ਟੁਰਨੀ ਜੱਗ ਵਿੱਚ ਵਾਰ।

ਇੰਜ, ਉਹ ਮਰ ਕੇ ਅਮਰ ਹੋਣਾ ਚਾਹੁੰਦਾ ਹੈ। ਏਸੇ ਲਈ ਉਹ ਘਰੋਂ ਤੁਰਨ ਲੱਗਿਆਂ, ਘਰਦਿਆਂ ਨੂੰ ਕਹਿੰਦਾ ਹੈ :

ਜਿਉਂਦਾ ਰਿਹਾ ਤਾਂ ਆ ਮਿਲਾਂ, ਮੱਤ ਛੱਡੀਓ ਆਸ।

ਮਿਰਜ਼ਾ ਆਦਰਸ਼ਕ ਪਾਤਰ ਨਹੀਂ। ਉਹ ਇੱਕ ਵਾਸਤਵ ਪਾਤਰ ਹੈ। ਉਹ ਹੱਡ ਮਾਸ ਦਾ ਬਣਿਆ ਹੋਇਆ ਹੈ। ਉਸ ਵਿੱਚ ਗੁਣਾਂ ਦੇ ਨਾਲ ਇੱਕ ਕਮਜ਼ੋਰੀ ਵੀ ਹੈ। ਇਹ ਉਸ ਵੱਲੋਂ ਆਪਣੀ ਤਾਕਤ ਦਾ ਹੱਦੋਂ ਵੱਧ ਅੰਦਾਜ਼ਾ ਲਾਉਣਾ ਹੈ, ਜੋ ਉਸ ਦੀ ਮੌਤ ਦਾ ਕਾਰਨ ਬਣਦਾ ਹੈ। ਸਾਹਿਬਾਂ ਦੇ ਜ਼ੋਰ ਦੇਣ ਦੇ ਬਾਵਜੂਦ ਵੀ ਉਹ ਦਾਨਾਬਾਦ ਨੂੰ ਜਾਣ ਦੀ ਥਾਂ 'ਤੇ ਜੰਡ ਹੇਠਾਂ ਸੌਂ ਜਾਂਦਾ ਹੈ :

ਮਿਰਜ਼ੇ ਵਿੱਚ ਬੜਾ ਗੁਮਾਨ ਸੀ, ਫਿਰ ਸੌਂ ਗਿਆ ਜੰਡੂਰੇ ਦੇ ਪਾਸ।
ਮੈਂ ਵਲ ਵਲ ਵੱਢ ਦਿਆਂਗਾ ਸੂਰਮੇ, ਦੇਊਂ ਪੂਰ ਖਪਾ।
ਮੈਨੂੰ ਝੱਟ ਕੁ ਠੌਂਕਾ ਲਾ ਲੈਣ ਦੇ, ਸੁੱਤੇ ਨੂੰ ਨਾ ਜਗਾ।
ਦਿਨ ਚੜ੍ਹਦੇ ਨੂੰ ਚਲਾਂਗੇ, ਤੈਨੂੰ ਲੈ ਚਲਾਂ ਦਾਨਾਬਾਦ।

ਇੰਜ ਪੀਲੂ ਨੇ ਮਿਰਜ਼ੇ ਦਾ ਜਿਹੜਾ ਬਿੰਬ ਪੇਸ਼ ਕੀਤਾ ਹੈ, ਉਹ ਉਸ ਸਮੇਂ ਦੇ ਕਬੀਲੇਦਾਰੀ ਦੇ ਯੁੱਗ ਦੀ ਪ੍ਰਤੀਨਿਧਤਾ ਕਰਦਾ ਹੈ। ਉਸ ਵਿਚ ਪਿਆਰ ਨਾਲੋਂ ਅਣਖ ਦਾ ਜਜ਼ਬਾ ਵਧੇਰੇ ਕੰਮ ਕਰਦਾ ਹੈ। ਉਹ ਆਦਰਸ਼ਕ ਸੂਰਮਾ ਹੈ, ਜਿਹੜਾ ਆਪਣੀ ਮੰਗੇਤਰ ਨੂੰ ਛੱਡਣਾ ਪਰਲੇ ਦਰਜੇ ਦੀ ਬੇਇੱਜ਼ਤੀ ਸਮਝਦਾ ਹੈ ਤੇ ਆਪਣੀ ਮੌਤ ਦੀ ਪ੍ਰਵਾਹ ਨਾ ਕਰਦਾ ਹੋਇਆ ਸਾਹਿਬਾਂ ਨੂੰ ਬੂਹੇ ਬੈਠੀ ਜੰਞ ਦੇ ਹੁੰਦੇ ਹੋਏ ਕੱਢ ਤੁਰਦਾ ਹੈ।

ਸਾਹਿਬਾਂ : ਕਿੱਸੇ ਦੀ ਨਾਇਕਾ ਸਾਹਿਬਾਂ ਦਾ ਜਨਮ ਸਿਆਲ ਕਬੀਲੇ ਵਿੱਚ ਖੀਵੇ ਘਰ ਹੋਇਆ। ਮਿਰਜ਼ਾ ਜੋ ਕਿ ਉਸ ਦੀ ਭੂਆ ਦਾ ਲੜਕਾ ਸੀ, ਉਸ ਨਾਲ ਮਸੀਤੇ ਪੜ੍ਹਦਾ ਸੀ। ਪੜ੍ਹਦੇ ਹੋਏ ਦੋਵਾਂ ਦਾ ਪ੍ਰੇਮ ਪੈ ਗਿਆ। ਇਸ ਦਾ ਭੇਦ ਖੁੱਲ੍ਹਣ 'ਤੇ ਮਿਰਜ਼ੇ ਨੂੰ ਉਸ ਦੇ ਪਿੰਡ ਦਾਨਾਬਾਦ ਭੇਜ ਦਿੱਤਾ ਗਿਆ। ਸਾਹਿਬਾਂ ਇਕ ਸੁੰਦਰ ਕੁੜੀ ਹੈ। ਪੀਲੂ ਨੇ ਸਾਹਿਬਾਂ ਦੇ ਹੁਸਨ ਨੂੰ ਅੰਗ ਵਾਰ ਬਿਆਨਣ ਦੀ ਥਾਂ 'ਤੇ ਉਸ ਦੇ ਹੁਸਨ ਦੇ ਪ੍ਰਭਾਵ ਨੂੰ ਰੂਪਮਾਨ ਕੀਤਾ ਹੈ। ਉਸ ਦੇ ਹੁਸਨ ਦੀ ਤਾਬ ਕਿਸੇ ਪਾਸੋਂ ਝੱਲੀ ਨਹੀਂ ਜਾਂਦੀ :

ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ।
ਫੜ ਨਾ ਜਾਣੇ ਤੱਕੜੀ, ਹਾੜ ਨਾ ਜਾਣੇ ਵੱਟ।
ਤੇਲ ਭੁਲਾਵੇ ਬੁੱਲਾ ਬਾਣੀਆ, ਦਿੱਤਾ ਸ਼ਹਿਤ ਉੱਲਟ।
ਵਣਜ ਗਵਾ ਲੈ ਬਾਣੀਆਂ, ਬਦਲ ਗਵਾ ਲੈ ਜੱਟ।
ਤਿੰਨ ਸੈ ਨਾਂਗਾ ਪਿੜ ਰਿਹਾ, ਹੋ ਗਏ ਚੌੜ ਚੁਪੱਟ।

ਉਹ ਇੱਕ ਸੱਚੀ ਪ੍ਰੇਮਿਕਾ ਹੈ, ਜਿਹੜੀ ਇਸ਼ਕ ਪਿੱਛੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਹੈ। ਵਿਆਹ ਤੋਂ ਤਿੰਨ ਦਿਨ ਪਹਿਲਾਂ ਕਰਮੂੰ ਬ੍ਰਾਹਮਣ ਹੱਥ ਮਿਰਜ਼ੇ ਨੂੰ ਸੁਨੇਹਾ ਭੇਜਣ ਲਈ ਉਸ ਨੂੰ ਸੋਨੇ ਦੀਆਂ ਚੂੜੀਆਂ, ਝੋਟੀ, ਜ਼ਮੀਨ ਤੇ ਘੋੜੀ ਇਨਾਮ ਵਜੋਂ ਦੇਣ

ਲਈ ਤਿਆਰ ਹੈ। ਉਹ ਕਰਮੂੰ ਬ੍ਰਾਹਮਣ ਦੇ ਘਰ ਵਿੱਚ ਇਸ਼ਕ ਕਮਾਉਣ ਲਈ ਕਹਿਣ 'ਤੇ ਉਸ ਦੀ ਚੰਗੀ ਝਾੜ ਝੰਬ ਕਰਦੀ ਹੈ। ਉਹ ਚੰਧੜਾਂ ਨਾਲ ਵਿਆਹ ਕਰਾਉਣ ਦੀ ਥਾਂ 'ਤੇ ਮਿਰਜ਼ੇ ਨਾਲ ਉਧਲ ਜਾਂਦੀ ਹੈ। ਉਸ ਨੂੰ ਆਪਣੀ ਹੋਣੀ ਦਾ ਪਤਾ ਹੈ। ਇਸ ਲਈ ਉਹ ਮਿਰਜ਼ੇ ਨੂੰ ਛੇਤੀ ਦਾਨਾਬਾਦ ਪੁੱਜਣ ਲਈ ਕਹਿੰਦੀ ਹੈ :

(ੳ) ਲੈ ਚਲ ਦਾਨਾਬਾਦ ਨੂੰ, ਜਾਨ ਲਕਾਵੇ ਮੁੱਖ।
ਜੰਡ ਦੇ ਹੇਠ ਜੱਟਾ ! ਸੌਂ ਰਹਿਓਂ, ਉਠ ਸੁਰਤ ਸੰਭਾਲ।
(ਅ) ਉਠੀਂ ਮਿਰਜ਼ਿਆ ਸੁੱਤਿਆ, ਖੱਬੇ ਆਏ ਅਸਵਾਰ।
ਹੱਥੀ ਤੇਗਾਂ ਰੰਗਲੀਆਂ, ਕਰਦੇ ਮਾਰੋ ਮਾਰ।
ਮੇਰੇ ਬਾਬਲ ਵਰਗੀਆਂ ਘੋੜੀਆਂ, ਵੀਰ ਮੇਰੇ ਅਸਵਾਰ।
(ਏ) ਚੰਧੜ ਸਿਆਲ ਮਾਰਨਗੇ, ਬੜੇ ਸੂਰਮੇ ਜਵਾਨ।
ਉਠੀਂ ਮਿਰਜ਼ਿਆ ਸੁੱਤਿਆ, ਕਿਉਂ ਪਿਆ ਬੜੇ ਗੁਮਾਨ?

ਪਿਆਰ ਵਿੱਚ ਤਾਂ ਪ੍ਰੇਮੀਆਂ ਨੂੰ ਤੋੜ ਨਿਭਾਉਣੀ ਪੈਂਦੀ ਹੈ। ਸਾਹਿਬਾਂ ਨੂੰ ਚਿੰਤਾ ਹੈ ਕਿ ਉਨ੍ਹਾਂ ਦੀ ਪ੍ਰੇਮ ਦੀ ਡੋਰ ਵਿਚਾਲਿਉਂ ਟੁੱਟ ਨਾ ਜਾਵੇ। ਇਸ ਲਈ ਉਹ ਮੁੜ-ਮੁੜ ਮਿਰਜ਼ੇ ਨੂੰ ਜਗਾਉਂਦੀ ਹੈ :

ਮੁੱਠੀਆਂ ਭਰ ਜਗਾਉਂਦੀ ਯਾਰ ਨੂੰ, ਜਾਗੀਏ ਰੱਬ ਦੇ ਨਾਂ।
ਧੁਰ ਨਾ ਅਪੜੀ ਰੰਨ ਸਾਹਿਬਾਂ, ਮੇਰੀ ਵਿਚਾਲਿਓਂ ਟੁੱਟੀ ਲਾਂ।
ਜੇ ਨਾ ਸੀ ਤੋੜ ਨਿਭਾਉਣੀ, ਮੇਰੀ ਕਾਹਨੂੰ ਪਕੜੀ ਬਾਂਹ।

ਉਸ ਨੂੰ ਪਤਾ ਹੈ ਕਿ ਇਸ਼ਕ ਦੇ ਰਸਤੇ 'ਚੋਂ ਭੱਜਿਆਂ ਨੂੰ ਅੱਗੇ ਵੀ ਥਾਂ ਨਹੀਂ ਮਿਲਣੀ। ਇਸ ਲਈ ਮਿਰਜ਼ੇ ਨੂੰ ਕਹਿੰਦੀ ਹੈ :

ਬਚਾਅ ਕਰੇਂਦੇ ਆਸ਼ਿਕਾ, ਨਾ ਅੱਗੇ ਮਿਲਣਾ ਤੈਨੂੰ ਥਾਂ।

ਪੀਲੂ ਨੇ ਮਿਰਜ਼ੇ ਵਾਂਗ ਸਾਹਿਬਾਂ ਨੂੰ ਵੀ ਵਾਸਤਵਿਕ ਪੱਧਰ 'ਤੇ ਚਿਤਰਿਆ ਹੈ। ਜਿੱਥੇ ਉਸ ਵਿੱਚ ਆਪਣੇ ਪ੍ਰੇਮੀ ਲਈ ਅਥਾਹ ਸ਼ਰਧਾ ਹੈ, ਉੱਥੇ ਜਦੋਂ ਚੰਧੜ ਉਸ ਦੇ ਭਰਾ ਮਿਰਜ਼ੇ 'ਤੇ ਹਮਲਾ ਕਰਦੇ ਹਨ ਤਾਂ ਉਹ ਆਪਣੇ ਭਰਾਵਾਂ ਦੀ ਰੱਖਿਆ ਲਈ ਮਿਰਜ਼ੇ ਦਾ ਤੀਰ ਕਮਾਨ ਜੰਡ 'ਤੇ ਟੰਗ ਦਿੰਦੀ ਹੈ ਕਿਉਂਕਿ ਉਹ ਸਮਝਦੀ ਹੈ, ਕਿ ਮਿਰਜ਼ਾ ਇਕ ਸਫਲ ਤੀਰ ਅੰਦਾਜ਼ ਹੈ ਤੇ ਉਹ ਉਸ ਦੇ ਭਰਾਵਾਂ ਨੂੰ ਮਾਰ ਦੇਵੇਗਾ। ਇੰਜ ਉਹ ਦਵੰਦ ਦਾ ਸ਼ਿਕਾਰ ਹੈ। ਇੱਕ ਆਪਣੇ ਆਸ਼ਕ ਨਾਲ ਘਰੋਂ ਨੱਸਦੀ ਹੈ। ਪ੍ਰੇਮੀ ਨੂੰ ਵੀ ਬਚਾਉਣਾ ਚਾਹੁੰਦੀ ਹੈ। ਪਰ ਭਰਾਤਰੀ ਪ੍ਰੇਮ ਨੂੰ ਵੀ ਤਿਲਾਂਜਲੀ ਨਹੀਂ ਦੇਣਾ ਚਾਹੁੰਦੀ। ਉਸ ਦੇ ਅੰਤ ਬਾਰੇ ਪੀਲੂ ਨੇ ਕੋਈ ਜਾਣਕਾਰੀ ਨਹੀਂ ਦਿੱਤੀ। ਇਹ ਕਿੱਸੇ ਦਾ ਪੂਰਾ ਮਤਨ ਨਾ ਮਿਲਣ ਕਰਕੇ ਹੈ।

ਵੰਞਲ : ਮਿਰਜ਼ੇ ਦਾ ਪਿਤਾ ਤੇ ਦਾਨਾਬਾਦ ਦਾ ਇੱਕ ਸਰਦਾਰ। ਉਹ ਕਬੀਲਦਾਰੀ ਨਜ਼ਾਮ ਦਾ ਪ੍ਰਤੀਨਿੱਧ ਪਾਤਰ ਹੈ। ਉਸ ਦੁਆਰਾ ਮਿਰਜ਼ੇ ਨੂੰ ਰੋਕਣ ਸਮੇਂ ਦਿੱਤੀ 'ਮੱਤ' ਤੋਂ ਉਸ ਸਮੇਂ ਦੇ ਕਬੀਲੇਦਾਰੀ ਸਮਾਜ ਵਿੱਚ ਇਸਤਰੀ ਦੀ ਸਮਾਜਿਕ ਅਵਸਥਾ ਦਾ ਪਤਾ

ਲੱਗਦਾ ਹੈ। ਇਸਤਰੀ ਨੂੰ ਬੇਵਫ਼ਾ ਤੇ ਘੱਟ-ਅਕਲ ਸਮਝਿਆ ਜਾਂਦਾ ਸੀ :

ਚੜ੍ਹਦੇ ਮਿਰਜ਼ੇ ਖਾਨ ਨੂੰ, ਵੰਝਲ ਦੇਂਦਾ ਮੱਤ।
ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ।
ਹੱਸ ਕੇ ਲਾਉਂਦੀਆਂ ਜਾਰੀਆਂ, ਰੋ ਕੇ ਦੇਂਦੀਆਂ ਦੱਸ।
ਜਿਸ ਘਰ ਲਾਈ ਦੋਸਤੀ, ਮੂਲ ਨਾ ਘੱਤੇਂ ਲੱਤ।

ਉਹ ਅਣਖੀ ਵਿਅਕਤੀ ਹੈ, ਜੋ ਮਿਰਜ਼ੇ ਨੂੰ ਨਸੀਹਤ ਕਰਦਾ ਹੈ ਕਿ ਜੇ ਤੂੰ ਜਾ ਰਿਹਾ ਹੈਂ ਤਾਂ ਸਾਹਿਬਾਂ ਛੱਡ ਕੇ ਨਾ ਆਵੀਂ। ਸਾਹਿਬਾਂ ਨੂੰ ਛੱਡ ਕੇ ਆਉਣਾ, ਆਪਣੀ ਇੱਜ਼ਤ ਨੂੰ ਲਾਜ ਲਾਉਣਾ ਹੈ :

ਲੱਥੀ ਹੱਥ ਨਾ ਆਵੰਦੀ, ਦਾਨਿਸ਼ਮੰਦਾਂ ਦੀ ਪੱਤ।
ਸਾਹਿਬਾਂ ਆਈਂ ਨਾ ਛੱਡ ਕੇ, ਸਿਰ ਨਾ ਰਹੂ ਸਾਡੀ ਪੱਤ। 8।

ਮਿਰਜ਼ੇ ਦੀ ਮਾਂ : ਵੰਝਲ ਵਾਂਗ ਇਹ ਸਮੇਂ ਦੀ ਕੀਬਲੇਦਾਰੀ ਯੁੱਗ ਦੀ ਇੱਕ ਪ੍ਰਤੀਨਿੱਧ ਪਾਤਰ ਹੈ ਪਰ ਕਿੱਸੇ ਵਿੱਚ ਉਸ ਦਾ ਨਾਂ ਨਹੀਂ ਦੱਸਿਆ ਗਿਆ। ਉਹ ਇਸ਼ਕ ਨੂੰ ਬੁਰਾ ਖ਼ਿਆਲ ਕਰਦੀ ਹੈ ਤੇ ਮਿਰਜ਼ੇ ਨੂੰ ਸਾਹਿਬਾਂ ਵੱਲ ਜਾਣ ਤੋਂ ਰੋਕਦੀ ਹੈ। ਉਸ ਨੂੰ ਪਤਾ ਹੈ ਕਿ ਸਾਮੰਤੀ ਸਮਾਜ ਵਿੱਚ ਇਸ਼ਕ ਪ੍ਰਵਾਨ ਨਹੀਂ ਹੋ ਸਕਦਾ। ਕਬੀਲੇਦਾਰੀ ਯੁੱਗ ਵਿੱਚ ਇਸਤਰੀ ਪਿੱਛੇ ਲੜਾਈਆਂ ਹੁੰਦੀਆਂ ਰਹੀਆਂ ਹਨ। ਇਸ ਲਈ, ਉਹ ਔਰਤ ਪਿੱਛੇ ਆਪਣੀ ਜਾਨ ਨਾ ਗਵਾਉਣ ਲਈ ਕਹਿੰਦੀ ਹੈ ਤੇ ਪੁਰਸ਼ ਪ੍ਰਧਾਨ ਸਮਾਜ ਵਿੱਚ ਪੁਰਸ਼ਾਂ ਵਾਂਗ ਹੀ ਇਸਤਰੀ ਦੀ ਨਿੰਦਿਆ ਕਰਦੀ ਹੈ। ਇੱਥੋਂ ਤੀਕ ਕਿ ਆਪਣੇ ਪੇਕੇ ਖਾਨਦਾਨ ਨੂੰ ਵੀ ਬੁਰਾ ਭਲਾ ਕਹਿੰਦੀ ਹੈ :

ਚੜ੍ਹਦੇ ਮਿਰਜ਼ੇ ਖਾਨ ਨੂੰ, ਮੱਤਾਂ ਦੇਵੇ ਮਾਂ।
ਬੁਰੇ ਸਿਆਲਾਂ ਦੇ ਮਾਮਲੇ, ਬੁਰੀ ਸਿਆਲਾਂ ਦੀ ਰਾਹ।
ਬੁਰੀਆਂ ਸਿਆਲਾਂ ਦੀਆਂ ਔਰਤਾਂ, ਲੈਂਦੀਆਂ ਜਾਦੂ ਪਾ।
ਕੱਢ ਕਲੇਜੇ ਖਾਂਦੀਆਂ, ਮੇਰੇ ਝਾਟੇ ਤੇਲ ਨਾ ਪਾ।
ਰੰਨ ਦੀ ਖਾਤਰ ਚੱਲਿਐਂ, ਆਵੇਂ ਜਾਨ ਗਵਾ।
ਆਖੇ ਮੇਰੇ ਲੱਗ ਜਾ, ਅੱਗੇ ਪੈਰ ਨਾ ਪਾ । 4।

ਖੀਵਾ ਖਾਨ : ਸਾਹਿਬਾਂ ਦਾ ਪਿਉ ਹੈ। ਉਹ ਬੜੇ ਸਖ਼ਤ ਸੁਭਾਅ ਦਾ ਮਾਲਕ ਹੈ। ਏਸੇ ਲਈ ਸਾਹਿਬਾਂ ਕਰਮੂੰ ਬ੍ਰਾਹਮਣ ਨੂੰ ਉਸ ਦਾ ਡਰਾਵਾ ਦਿੰਦੀ ਹੈ। ਉਹ ਕਚਹਿਰੀ ਲਾਉਂਦਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਆਪਣੇ ਕਬੀਲੇ ਦਾ ਸਰਦਾਰ ਹੈ। ਉਹ ਸਾਮੰਤੀ ਸਮਾਜ ਦੀ ਪ੍ਰਤੀਨਿਧਤਾ ਕਰਦਾ ਹੈ। ਸਾਮੰਤੀ ਸਮਾਜ ਵਿਚ ਮੁੰਡੇ ਕੁੜੀਆਂ ਨੂੰ ਪਿਆਰ ਕਰਨ ਦੀ ਖੁੱਲ੍ਹ ਨਹੀਂ ਸੀ। ਏਸੇ ਲਈ ਉਹ ਮਿਰਜ਼ਾ ਸਾਹਿਬਾਂ ਦੇ ਪ੍ਰੇਮ ਦਾ ਭੇਦ ਖੁੱਲ੍ਹਣ 'ਤੇ ਮਿਰਜ਼ੇ ਨੂੰ ਆਪਣੇ ਪਿੰਡ ਦਾਨਾਬਾਦ ਭੇਜ ਦਿੰਦਾ ਹੈ ਤੇ ਸਾਹਿਬਾਂ ਦੀ ਚੰਧੜਾਂ ਦੇ ਮੰਗਣੀ ਕਰ ਦਿੰਦਾ ਹੈ। ਜਦੋਂ ਮਿਰਜ਼ਾ ਸਾਹਿਬਾਂ ਘਰੋਂ ਨੱਸ ਜਾਂਦੇ ਹਨ ਤੇ ਫੀਰੋਜ਼ ਡੋਗਰ ਖੀਵਾ ਖਾਨ

ਨੂੰ ਇਸ ਦੀ ਖ਼ਬਰ ਦਿੰਦਾ ਹੈ ਤਾਂ ਉਹ ਗੁੱਸੇ ਵਿੱਚ ਆ ਕੇ ਮਿਰਜ਼ੇ ਨੂੰ ਮਾਰਨ ਲਈ ਉਸ 'ਤੇ ਹਮਲਾ ਕਰਨ ਦੇ ਆਦੇਸ਼ ਦਿੰਦਾ ਹੈ :

ਫੀਰੋਜ਼ ਡੰਗਰ ਕੂਕਿਆ, ਸੁਣੀਂ ਖ਼ਾਨ ਖੀਵੇ ਮੇਰੀ ਬਾਤ।
ਸਾਹਿਬਾਂ ਨੂੰ ਮਿਰਜ਼ਾ ਲੈ ਗਿਆ, ਰੋਂਦੀ ਸੰਡੇ ਦੀ ਬਾਰ।
ਲਾ ਗਿਆ ਲਾਜ ਸਿਆਲਾਂ ਨੂੰ, ਗਿਆ ਸੀ ਦਾਗ਼ ਲਗਾ।
ਘੋੜੇ ਪਾਓ ਪਾਖਰਾਂ, ਪੈਦਲ ਹੋ ਜਾਓ ਅਸਵਾਰ।
ਰਸਤੇ ਪਵੋ ਪੈਦਲੋ, ਮੁੱਛ ਮੱਲੋ ਅਸਵਾਰ।
ਸਾਵਾ ਮਿਰਜ਼ਾ ਮਾਰਨਾ, ਕਰ ਕੇ ਕੌਲ ਕਰਾਰ। 4 ।

ਕਰਮੂੰ ਬ੍ਰਾਹਮਣ : ਸਾਹਿਬਾਂ ਦੇ ਘਰ ਦਾ ਖਾਨਦਾਨੀ ਬ੍ਰਾਹਮਣ ਹੈ। ਸਾਹਿਬਾਂ ਕਰਮੂੰ ਨੂੰ ਮਿਰਜ਼ੇ ਨੂੰ ਸੁਨੇਹਾ ਦੇਣ ਲਈ ਭੇਜਦੀ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਉਹ ਧਾਰਮਿਕ ਰਸਮਾਂ ਨਿਭਾਉਣ ਤੋਂ ਇਲਾਵਾ ਘਰ ਦੇ ਹੋਰ ਕੰਮ ਵੀ ਕਰਦਾ ਹੈ। ਇਸ ਤੋਂ ਇਹ ਵੀ ਜਾਣਕਾਰੀ ਮਿਲਦੀ ਹੈ ਕਿ ਉਸ ਸਮੇਂ ਬ੍ਰਾਹਮਣਾਂ ਦੀ ਅਵਸਥਾ ਬੜੀ ਮਾੜੀ ਹੋ ਗਈ ਸੀ। ਉਹ ਸਾਹਿਬਾਂ ਨੂੰ ਉਸ ਨਾਲ ਇਸ਼ਕ ਕਮਾਉਣ ਲਈ ਕਹਿੰਦਾ ਹੈ। ਏਥੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਬ੍ਰਾਹਮਣਾਂ ਦੇ ਆਚਰਨ ਵਿੱਚ ਗਿਰਾਵਟ ਆ ਚੁੱਕੀ ਸੀ। ਉਹ ਚਲਾਕ ਵੀ ਹੈ। ਪਹਿਲਾਂ ਉਹ ਝੂਠ ਬੋਲਦਾ ਹੈ ਕਿ ਮਿਰਜ਼ੇ ਦੇ ਘਰ ਪਹਿਲਾਂ ਹੀ ਪਤਨੀ ਸੁਣੀਂਦੀ ਹੈ, ਇਸ ਲਈ ਸਾਹਿਬਾਂ ਨੂੰ ਮਿਰਜ਼ੇ ਦੀ ਥਾਂ 'ਤੇ ਉਸ ਨਾਲ ਇਸ਼ਕ ਕਮਾਉਣਾ ਚਾਹੀਦਾ ਹੈ। ਜਦੋਂ ਸਾਹਿਬਾਂ ਆਪਦੇ ਪਿਉ ਤੇ ਭਰਾਵਾਂ ਦੁਆਰਾ ਸਜ਼ਾ ਦਾ ਡਰ ਦੇਂਦੀ ਹੈ ਤਾਂ ਉਹ ਕਹਿੰਦਾ ਹੈ ਕਿ ਉਹ ਅਫ਼ੀਮ ਦੇ ਨਸ਼ੇ ਵਿਚ ਹੋਣ ਕਰਕੇ ਆਪਣੀ ਅਕਲ ਗੁਆ ਬੈਠਾ ਹੈ ਤੇ ਆਪਣਾ ਗੁਨਾਹ ਬਖਸ਼ਣ ਲਈ ਕਹਿੰਦਾ ਹੈ।

ਬੱਕੀ : ਪੀਲੂ ਨੇ ਮਿਰਜ਼ੇ ਦੀ ਘੋੜੀ 'ਬੱਕੀ' ਨੂੰ ਬੜੀਆਂ ਰੀਝਾਂ ਨਾਲ ਚਿਤਰਿਆ ਹੈ। ਇਹ ਘੋੜੀ ਅਰਸ਼ੀ ਹੈ। ਅਰਸ਼ੋਂ ਸਮੇਂ ਸਮੇਂ 'ਤੇ ਬੱਕੀ ਸਮੇਤ ਛੇ ਭੈਣ ਭਰਾ ਉਤਰੇ ਤੇ ਇਨ੍ਹਾਂ ਨੇ ਵੱਖ-ਵੱਖ ਸਮੇਂ ਸ਼ਾਹ ਅਲੀ, ਗੁਗਾ ਚੌਹਾਨ, ਰਾਜਾ ਰਸਾਲੂ, ਜੈਮਲ ਫੱਤਾ ਤੇ ਸੁਲਤਾਨ ਲਈ ਸਵਾਰੀ ਦਾ ਕੰਮ ਕੀਤਾ। ਦੁੱਲੇ ਦੀ ਬੱਕੀ ਇਨ੍ਹਾਂ ਸਾਰਿਆਂ ਵਿਚੋਂ ਛੋਟੀ ਹੈ। ਸਾਹਿਬਾਂ ਇਸ ਘੋੜੀ ਦੀ ਨਿੰਦਿਆ ਕਰਦੀ ਹੈ :

ਮਾੜੀ ਤੇਰੀ ਟੈਰਕੀ, ਮਿਰਜ਼ਿਆ! ਲਿਆਇਆ ਕਿਧਰੋਂ ਟੋਰ।
ਸੁੱਕਾ ਇਹਦਾ ਚੌਖਟਾ, ਕਾਵਾਂ ਖਾਧੀ ਕੰਗਰੋੜ।
ਜੈ ਘਰ ਨਾ ਸੀ ਤੇਰੇ ਬਾਪ ਦੇ, ਮੰਗ ਲਿਆਉਂਦੋਂ ਹੋਰ।
ਘੋੜੇ ਖੀਵੇ ਖਾਨ ਦੇ, ਬੜੇ ਮੁਰਾਤਿਬ ਖੋਰ।
ਭੱਜਿਆਂ ਨੂੰ ਜਾਣ ਨਾ ਦੇਣਗੇ, ਉੱਧਲ ਗਈਆਂ ਦੇ ਚੋਰ।

ਮਿਰਜ਼ੇ ਅਨੁਸਾਰ ਉਸ ਨੇ ਇਸ ਨੂੰ ਬੜੀਆਂ ਰੀਝਾਂ ਨਾਲ ਪਾਲਿਆ ਹੈ। ਦਸਾਂ ਮਹੀਆਂ ਦਾ ਘਿਉ ਇਸ ਨੂੰ ਦਿੱਤਾ ਹੈ। ਉਸ ਤੋਂ ਫਰਿਸ਼ਤੇ ਡਰਦੇ ਹਨ। ਲੰਮੇ ਕੰਨ, ਪਤਲੇ ਖੁਰ ਤੇ

ਕਾਲੀ ਸਿਆਹ ਗਰਦਨ ਵਾਲੀ ਇਹ ਘੋੜੀ ਅਕਾਸ਼ ਵਿੱਚ ਉਡਾਰੀਆਂ ਲਾਉਂਦੀ ਹੈ ਅਤੇ ਧਰਤੀ ਅੰਦਰ ਵੀ ਧੱਸ ਜਾਂਦੀ ਹੈ :

ਕੰਨ ਲੰਮੇ ਖੁਰ ਪਤਲੇ, ਦੁੰਮ ਬੱਕੀ ਦੀ ਸਿਆਹ।...
ਦਸ ਮਹੀਆਂ ਦਾ ਘਿਉ ਦਿੱਤਾ, ਬੱਕੀ ਦੇ ਢਿੱਡ ਪਾ।
ਬੱਕੀ ਤੋਂ ਡਰਨ ਫ਼ਰਿਸ਼ਤੇ, ਮੈਥੋਂ ਡਰੇ ਖ਼ੁਦਾ।
ਚੁੱਭੇ ਵਿੱਚ ਪਤਾਲ, ਉੱਡ ਕੇ ਚੜ੍ਹੇ ਅਕਾਸ਼।

ਇਸ ਘੋੜੀ ਦੇ ਸੁੰਮਾਂ ਦੀ ਅਵਾਜ਼ ਇਸ ਤਰ੍ਹਾਂ ਗੂੰਜਦੀ ਹੈ ਜਿਵੇਂ ਲੋਹੇ 'ਤੇ ਸੱਟ ਪੈਣ ਨਾਲ ਆਵਾਜ਼ ਨਿਕਲਦੀ ਹੈ। ਪੂਛ ਚੌਰ ਵਾਂਗ ਫਿਰਦੀ ਹੈ। ਇਹ ਮਿਰਜ਼ੇ ਨੂੰ ਦਾਨਾਬਾਦ ਤੋਂ ਸਾਹਿਬਾਂ ਪਾਸ ਲੈ ਕੇ ਜਾਂਦੀ ਹੈ ਤੇ ਉਧਾਲੇ ਪਿੱਛੋਂ ਸਾਹਿਬਾਂ ਵੀ ਮਿਰਜ਼ੇ ਨਾਲ ਏਸੇ ਘੋੜੀ 'ਤੇ ਉਧਲਦੀ ਹੈ।

ਸ਼ਮੀਰ : ਸਾਹਿਬਾਂ ਦਾ ਭਰਾ ਹੈ। ਉਹ ਸਖਤ ਤਬੀਅਤ ਦਾ ਮਾਲਕ ਹੈ। ਸਾਹਿਬਾਂ ਕਰਮੂੰ ਬ੍ਰਾਹਮਣ ਨੂੰ ਉਸ ਦਾ ਡਰ ਦਿੰਦੀ ਹੈ :

ਤੇ ਖਬਰ ਹੋ ਜਾਏ ਵੀਰ ਸ਼ਮੀਰ ਨੂੰ, ਤੈਨੂੰ ਕਰਹਿ ਮਾਰ।

ਜਦ ਮਿਰਜ਼ਾ ਸਾਹਿਬਾਂ ਨੂੰ ਉਧਾਲ ਕੇ ਜੰਡ ਥੱਲੇ ਸੌਂ ਜਾਂਦਾ ਹੈ ਤਾਂ ਸਾਹਿਬਾਂ ਮਿਰਜ਼ੇ ਨੂੰ ਛੇਤੀ ਚੱਲਣ ਲਈ ਕਹਿੰਦੀ ਹੈ ਕਿਉਂਕਿ ਚੰਧੜ ਤੇ ਸਿਆਲਾਂ ਦੇ ਜਵਾਨ ਬੜੇ ਸੂਰਮੇ ਹਨ। ਉਹ ਉਸ ਨੂੰ ਛੱਡਣਗੇ ਨਹੀਂ। ਜਦ ਵਾਹਰ ਮਿਰਜ਼ੇ 'ਤੇ ਹਮਲਾ ਕਰਦੀ ਹੈ ਤਾਂ ਸ਼ਮੀਰ ਉਸ ਦੀ ਅਗਵਾਈ ਕਰਦਾ ਹੈ। ਮਿਰਜ਼ਾ ਸਭ ਤੋਂ ਵੱਡਾ ਦੁਸ਼ਮਨ ਉਸ ਨੂੰ ਸਮਝਦਾ ਹੈ ਤੇ ਸਾਹਿਬਾਂ ਨੂੰ ਕਹਿੰਦਾ ਹੈ ਕਿ ਜੇ ਤੂੰ ਕਮਾਨ ਨਾ ਟੰਗਦੀ ਤਾਂ ਮੈਂ ਸਭ ਤੋਂ ਪਹਿਲਾ ਤੀਰ ਸ਼ਮੀਰ ਨੂੰ ਮਾਰਨਾ ਸੀ।

ਉਪਰੋਕਤ ਪਾਤਰਾਂ ਤੋਂ ਇਲਾਵਾ ਫੀਰੋਜ਼ ਡੋਗਰ, ਛਹਿਤੀ ਤੇ ਬੀਬੋ ਗੌਣ ਰੂਪ ਵਿੱਚ ਪੇਸ਼ ਹੋਏ ਹਨ। ਫੀਰੋਜ਼ ਡੋਗਰ ਇੱਕ ਪਹਿਰੇਦਾਰ ਹੈ, ਜੋ ਮਿਰਜ਼ੇ ਸਾਹਿਬਾਂ ਦੇ ਨੱਸਣ ਦੀ ਖ਼ਬਰ ਖੀਵਾ ਖ਼ਾਨ ਨੂੰ ਦਿੰਦਾ ਹੈ। ਛਹਿਤੀ ਮਿਰਜ਼ੇ ਦੀ ਭੈਣ ਹੈ। ਜਿਸ ਦਿਨ ਮਿਰਜ਼ਾ ਸਾਹਿਬਾਂ ਵੱਲ ਵਰਾਨਾ ਹੁੰਦਾ ਹੈ, ਉਸ ਤੋਂ ਅਗਲੇ ਦਿਨ ਉਸ ਦਾ ਵਿਆਹ ਹੋਣਾ ਹੁੰਦਾ ਹੈ। ਇਸ ਲਈ ਮਿਰਜ਼ੇ ਨੂੰ ਆਪਣੇ ਹੱਥੀਂ ਉਸ ਦਾ ਵਿਆਹ ਕਰਨ ਲਈ ਕਹਿੰਦੀ ਹੈ :

"ਹਟ ਕੇ ਬੈਠੀਂ ਮਿਰਜ਼ਿਆ, ਘਰ ਵਿੱਚ ਕਰੀਂ ਸਲਾਹ।
ਅਤੇ ਪਲੰਘ 'ਤੇ ਬਹਿ ਕੇ, ਮੇਰਾ ਹੱਥੀਂ ਕਾਜ ਸੰਵਾਰ।
ਭਲ ਕੇ ਆਉਣਗੇ ਭੱਟੀ ਸੰਦਲ ਬਾਰ ਦੇ, ਸਾਹਿਬ ਸੰਡੇ ਬਾਰ।"

ਬੀਬੋ ਮਿਰਜ਼ੇ ਦੀ ਧਰਮ ਦੀ ਮਾਸੀ ਹੈ, ਜੋ ਮਿਰਜ਼ੇ ਨੂੰ ਸਾਹਿਬਾਂ ਨਾਲ ਮਿਲਾਉਂਦੀ ਹੈ।

4. ਬ੍ਰਿਤਾਂਤ ਕਲਾ

ਕਿੱਸਿਆਂ ਵਿੱਚ ਵਰਣਨ ਦੀ ਇੱਕ ਨਿਸ਼ਚਿਤ ਪਰੰਪਰਾ ਮਿਲਦੀ ਹੈ। ਕਿੱਸਾਕਾਰਾਂ ਨੇ ਨਾਇਕਾਵਾਂ ਦੀ ਸੁੰਦਰਤਾ ਲਈ ਇੱਕੋ ਜਿਹੀਆਂ ਉਪਮਾਵਾਂ ਵਰਤੀਆਂ ਹਨ। ਇਹ

ਉਪਮਾਵਾਂ ਆਮ ਤੌਰ 'ਤੇ ਫਾਰਸੀ ਵਿੱਚੋਂ ਲਈਆਂ ਗਈਆਂ ਹਨ। ਬਚਪਨ ਤੋਂ ਲੈ ਕੇ ਜਵਾਨੀ ਤੀਕ ਨਾਇਕਾ ਦੀ ਸਾਲ ਵਾਰ ਸੁੰਦਰਤਾ ਬਿਆਨ ਕੀਤੀ ਗਈ ਹੈ। ਸਿਰ ਤੋਂ ਪੈਰਾਂ ਤੀਕ ਹਰੇਕ ਅੰਗ ਨੂੰ ਉਪਮਾਇਆ ਜਾਂਦਾ ਹੈ। ਨਾਇਕ ਨਾਲੋਂ ਨਾਇਕਾ ਦੀ ਸੁੰਦਰਤਾ ਦੇ ਬਿਆਨ ਕਰਨ 'ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਪ੍ਰੇਮ-ਮਈ ਕਿੱਸਿਆਂ ਵਿੱਚ ਨਾਇਕਾਵਾਂ ਨਾਲੋਂ ਨਾਇਕਾਵਾਂ ਜ਼ਿਆਦਾ ਬਲਵਾਨ ਤੇ ਕਾਰਜਸ਼ੀਲ ਦਰਸਾਈਆਂ ਗਈਆਂ ਹਨ। ਉਹ ਮਾਂ ਪਿਉ ਨਾਲ ਟੱਕਰ ਲੈਂਦੀਆਂ ਹਨ। ਸਮਾਜਿਕ ਪਰੰਪਰਾਵਾਂ ਵਿਰੁੱਧ ਆਵਾਜ਼ ਬੁਲੰਦ ਹੀ ਨਹੀਂ ਕਰਦੀਆਂ ਸਗੋਂ ਇਨ੍ਹਾਂ ਦੀ ਉਲੰਘਣਾ ਵੀ ਕਰਦੀਆਂ ਹਨ ਤੇ ਇਸ ਟੱਕਰ ਵਿੱਚ ਆਪਣਾ ਆਪ ਖਤਮ ਕਰ ਲੈਂਦੀਆਂ ਹਨ।

ਪੀਲੂ ਨੇ ਆਪਣੇ ਕਿੱਸੇ ਵਿੱਚ ਮਿਰਜ਼ੇ ਦੀ ਬਹਾਦਰੀ ਚਿਤਰਨ 'ਤੇ ਹੀ ਸਾਰਾ ਜ਼ੋਰ ਲਾਇਆ ਹੈ। ਉਸ ਨੇ ਸੁੰਦਰਤਾ ਦਰਸਾਉਣ ਲਈ ਫਾਰਸੀ ਦੀ ਵਿੱਧੀ ਨਹੀਂ ਵਰਤੀ। ਉਸ ਨੇ ਦੁੱਲੇ ਦੇ ਜਨਮ ਸਮੇਂ ਸੁੰਦਰਤਾ ਬਿਆਨ ਕਰਦੇ ਸਮੇਂ ਦੁੱਲੇ ਦੇ ਬਹਾਦਰੀ ਸਰੂਪ ਨੂੰ ਆਪਣੇ ਸਾਹਮਣੇ ਰੱਖਿਆ ਹੈ :

ਜਨਮ ਦਿੱਤਾ ਮਾਈ ਬਾਪ ਨੇ, ਰੂਪ ਦਿੱਤਾ ਕਰਤਾਰ।
ਐਸਾ ਮਿਰਜ਼ਾ ਸੂਰਮਾ, ਖਰਲਾਂ ਦਾ ਸਰਦਾਰ। 2 ।

ਪੀਲੂ ਨੇ ਮਿਰਜ਼ੇ ਨੂੰ ਇੱਕ ਬਹਾਦਰ ਨੌਜਵਾਨ ਦਰਸਾਇਆ ਹੈ, ਜਿਸ ਨੂੰ ਆਪਣੀ ਅਥਾਹ ਸ਼ਕਤੀ 'ਤੇ ਬੜਾ ਹੰਕਾਰ ਹੈ :

ਮਿਰਜ਼ਾ ਆਖੇ ਕੋਈ ਨਾ ਦੀਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
ਕਟਕ ਭਿੜਾ ਦਿਆਂ ਟੱਕਰੀ, ਮੈਥੋਂ ਭੀ ਰਾਠ ਡਰੇ।
ਵਲ ਵਲ ਵੱਢ ਦੇਊਂ ਸੂਰਮੇਂ, ਜਿਉਂ ਖੇਤੀ ਨੂੰ ਪੈਣ ਗੜ੍ਹੇ।
ਸਿਰ ਸਿਆਲਾਂ ਦੇ ਵੱਢ ਕੇ, ਸੁੱਟਾਂਗਾ ਵਿੱਚ ਰੜ੍ਹੇ। 52 ।

ਕਿੱਸੇ ਦੀ ਨਾਇਕਾ ਸਾਹਿਬਾਂ ਦੀ ਸੁੰਦਰਤਾ ਦਾ ਵੀ ਵਰਣਨ ਫਾਰਸੀ ਪਰੰਪਰਾ ਅਨੁਸਾਰ ਨਹੀਂ ਕੀਤਾ ਗਿਆ। ਅੰਗ ਅੰਗ ਦੀ ਸੁੰਦਰਤਾ ਨੂੰ ਉਪਮਾਉਣ ਦੀ ਥਾਂ 'ਤੇ ਉਸ ਦੀ ਸੁੰਦਰਤਾ ਦੇ ਪ੍ਰਭਾਵ ਨੂੰ ਉਜਾਗਰ ਕੀਤਾ ਗਿਆ ਹੈ। ਜਿਹੜਾ ਵੀ ਉਸ ਨੂੰ ਵੇਖਦਾ ਹੈ, ਉਸ ਦੀ ਸੁੰਦਰਤਾ ਦੇ ਮਾਰੂ ਪ੍ਰਭਾਵ ਨਾਲ ਵਿੰਨ੍ਹਿਆ ਜਾਂਦਾ ਹੈ। ਇਸ ਬਾਰੇ ਪਹਿਲਾਂ ਚਰਚਾ ਕੀਤੀ ਜਾ ਚੁੱਕੀ ਹੈ।

5. ਰੁਮਾਂਸ ਤੱਤ

ਰੁਮਾਂਸ ਕਿੱਸਿਆਂ ਦਾ ਜ਼ਰੂਰੀ ਤੱਤ ਹੈ। ਡਾ. ਰੋਸ਼ਨ ਲਾਲ ਆਹੂਜਾ ਨੇ ਕਾਲਰਿਜ਼ ਦੇ ਹਵਾਲੇ ਨਾਲ ਲਿਖਿਆ ਹੈ ਕਿ ਅਦਭੁਤ ਤੇ ਸੁੰਦਰਤਾ ਰੁਮਾਂਟਿਕ ਕਲਾ ਦੇ ਦੋ ਜ਼ਰੂਰੀ ਲੱਛਣ ਹਨ। ਅਦਭੁਤਾ ਆਮ ਤੌਰ 'ਤੇ ਘਟਨਾਵਾਂਰਾਹੀਂ ਪ੍ਰਗਟ ਹੁੰਦੀ ਹੈ, ਸੁੰਦਰਤਾ ਪਾਤਰਾਂ ਅਤੇ ਦ੍ਰਿਸ਼ਾਂ ਜਾਂ ਨਜ਼ਾਰਿਆਂ ਰਾਹੀਂ ਵਾਤਾਵਰਨ ਵਿੱਚ ਦੋਵਾਂ ਦਾ ਹਿੱਸਾ ਹੈ। ਸਮੇਂ ਤੇ ਸਥਾਨਾਂ ਦੀ ਦੂਰਤਾ ਵਾਤਾਵਰਨ ਪੈਦਾ ਕਰਨ ਲਈ ਆਵਸ਼ਕ ਹੈ। ਘਟਨਾਵਾਂ ਦੀ ਅਸਧਾਰਨਤਾ

ਸਾਹਿਤਿਕ ਕਲਾ ਨੂੰ ਰੁਮਾਂਟਿਕ ਬਣਾਉਂਦੀ ਹੈ। ਅਸੰਭਵ ਘਟਨਾਵਾਂ ਵੀ ਰੁਮਾਂਟਿਕ ਆਕੀਆਂ ਜਾਂਦੀਆਂ ਹਨ, ਜਿਸ ਤਰ੍ਹਾਂ ਕਿ ਜਾਦੂ, ਕਰਾਮਾਤਾਂ ਜੋ ਨਿਯਮਾਂ ਦੇ ਵਿਰੁੱਧ ਵਾਪਰਦੀਆਂ ਹਨ। ਜਿੰਨ, ਭੂਤ, ਪਰੀਆਂ, ਫਰਿਸ਼ਤੇ, ਦੇਵਤੇ, ਦੇਵੀਆਂ ਵੀ ਅਸੰਭਵ, ਰੁਮਾਂਟਿਕ ਪਾਤਰ ਹਨ। ਇਹ ਸਾਰੇ ਅੰਸ਼ ਰੁਮਾਂਟਿਕ ਕਲਾ ਦੇ ਅੰਸ਼ ਹਨ।[7] ਕਿੱਸਾਕਾਰਾਂ ਨੇ ਰੌਚਕਤਾ ਪੈਦਾ ਕਰਨ ਲਈ ਕਿੱਸਿਆਂ ਵਿੱਚ ਰੁਮਾਂਸ ਤੱਤ ਦੀ ਭਰਪੂਰ ਵਰਤੋਂ ਕੀਤੀ ਹੈ। ਇਹ ਉਸ ਸਮੇਂ ਦੇ ਲੋਕਾਂ ਦੀ ਸੋਚ ਅਨੁਸਾਰ ਹੀ ਸੀ।

ਯਥਾਰਥਿਕ ਦੁਖਾਂਤ ਹੋਣ ਕਰਕੇ, ਇਸ ਵਿੱਚ ਰੁਮਾਂਸ ਤੱਤ, ਬਾਕੀ ਕਿੱਸਿਆਂ ਜਿੰਨਾ ਨਹੀਂ ਮਿਲਦਾ। ਮਿਰਜ਼ੇ ਦੀ ਬਹਾਦਰੀ ਨੂੰ ਰੁਮਾਂਟਿਕ ਪੱਧਰ 'ਤੇ ਚਿਤਰਿਆ ਗਿਆ ਹੈ। ਸਾਹਿਬਾਂ ਦੀ ਸੁੰਦਰਤਾ ਦੇ ਪ੍ਰਭਾਵ ਦਾ ਰੁਮਾਂਟਿਕ ਪੱਧਰ 'ਤੇ ਵਰਣਨ ਕੀਤਾ ਗਿਆ ਹੈ। ਕਿੱਸੇ ਵਿੱਚ ਸਥਾਨ ਦੀ ਵੀ ਦੂਰਤਾ ਹੈ। ਸਾਰਾ ਘਟਨਾਕਰਮ ਮਿਰਜ਼ੇ ਅਤੇ ਸਾਹਿਬਾਂ ਦੇ ਪਿੰਡਾਂ ਵਿੱਚ ਵਾਪਰਦਾ ਹੈ। ਪਾਤਰ ਵੀ ਰੁਮਾਂਟਿਕ ਪੱਧਰ 'ਤੇ ਪੇਸ਼ ਕੀਤੇ ਗਏ ਹਨ। ਮਿਰਜ਼ਾ ਤੇ ਸਾਹਿਬਾਂ ਦਾ ਪਿਆਰ ਵੀ ਰੁਮਾਂਟਿਕ ਪੱਧਰ ਦਾ ਹੈ। ਪਰਾਸਰੀਰਕ ਅੰਸ਼ਾਂ ਦਾ ਅਭਾਵ ਹੈ, ਪਰ ਕਿੱਸਾਕਾਰ ਨੇ ਹੋਣੀ ਦਾ ਰੂੜ੍ਹੀਗਤ ਪ੍ਰਯੋਗ ਕੀਤਾ ਹੈ ਤੇ ਮਿਰਜ਼ੇ ਦੀ ਮੌਤ ਲਈ ਸਾਹਿਬਾਂ ਉਸ ਨੂੰ ਜ਼ਿੰਮੇਵਾਰ ਠਹਿਰਾਉਂਦੀ ਹੈ। 'ਬੱਕੀ' ਘੋੜੀ ਦਾ ਵੀ ਰੁਮਾਂਟਿਕ ਪੱਧਰ 'ਤੇ ਚਿੱਤਰ ਪੇਸ਼ ਕੀਤਾ ਗਿਆ ਹੈ।

6. ਵਾਰਤਾਲਾਪ

ਪੀਲੂ ਨੇ ਕਿੱਸੇ ਨੂੰ ਰੌਚਕ ਬਣਾਉਣ ਲਈ ਵਾਰਾਤਲਾਪ ਸ਼ੈਲੀ ਦੀ ਵਰਤੋਂ ਕੀਤੀ ਹੈ। ਉਹ ਬਹੁਤੇ ਵਿਸਥਾਰ ਵਿੱਚ ਨਹੀਂ ਜਾਂਦਾ ਤੇ ਗੱਲਬਾਤ ਸਮੇਂ ਸੰਖੇਪ ਤੇ ਸੰਜਮ ਤੋਂ ਕੰਮ ਲੈਂਦਾ ਹੈ। ਉਸ ਨੂੰ ਜਦੋਂ ਮੌਕਾ ਮਿਲਦਾ ਹੈ, ਉਹ ਏਸੇ ਸ਼ੈਲੀ ਦੀ ਵਰਤੋਂ ਕਰਦਾ ਹੈ। ਇਸ ਨਾਲ ਜਿੱਥੇ ਪਾਤਰਾਂ ਦੇ ਸੁਭਾਅ ਚਿਤਰਨ ਵਿੱਚ ਸਹਾਇਤਾ ਮਿਲੀ ਹੈ, ਉਥੇ ਕਥਾ ਵਿੱਚ ਵੀ ਰਵਾਨਗੀ ਆਈ ਹੈ। ਕਿੱਸੇ ਵਿੱਚ ਪਹਿਲਾ ਸੰਵਾਦ ਕਰਮੂੰ ਬ੍ਰਾਹਮਣ ਤੇ ਸਾਹਿਬਾਂ ਵਿੱਚ ਹੈ। ਸਾਹਿਬਾਂ ਕਰਮੂੰ ਨੂੰ ਕਹਿੰਦੀ ਹੈ :

ਤੂੰ ਸੁਣ ਕਰਮੂੰ ਬਾਹਮਣਾ, ਕਦੀ ਨਾ ਆਇਓਂ ਕਾਮ।
ਘੋੜੀ ਦਿਆਂ ਤੇਰੇ ਚੜ੍ਹਨ ਨੂੰ, ਕਾਠੀ ਸਣੇ ਲਗਾਮ।
ਹੱਥ ਦੀਆਂ ਦੇ ਦਿਆਂ ਚੂੜੀਆਂ, ਸੋਨਾ ਕਰਦੀ ਦਾਨ।
ਝੋਟੀ ਦਿਆਂ ਦੁੱਧ ਪੀਣ ਨੂੰ, ਹਲ ਦੀ ਜ਼ਿਮੀਂ ਇਨਾਮ।
ਜਬ ਲੱਗ ਜੀਵੇ ਸਾਹਿਬਾਂ, ਰੱਖੇ ਤੇਰਾ ਇਹਸਾਨ।
ਚੌਥੇ ਨੂੰ ਚੰਧੜ ਵਿਆਹ ਲਿਜਾਣਗੇ, ਫਿਰ ਕੀ ਕਰੇਂਗਾਆਣ।[7]।

ਕਰਮੂੰ ਅੱਗੋਂ ਜਵਾਬ ਦੇਂਦਾ ਹੈ :

ਚਾਲ੍ਹੀ ਕੋਹਾਂ ਦਾ ਪੈਂਡਾ ਹੈ, ਕੌਣ ਆਵੇ, ਕੌਮ ਜਾ।
ਘਰ ਮਿਰਜ਼ੇ ਦੇ ਹੋਰ ਇਸਤਰੀ, ਸੁਣੀਂਦੀ ਬੁਰੀ ਬਲਾ।

ਸੌਕਣ ਉੱਤੇ ਸੌਂਕਣ ਪਏ, ਲੇਵੇ ਅੱਧ ਵੰਡਾ।
ਛੱਡ ਦੇ ਪੁਰਾਣੀ ਜੱਟ ਦੀ ਦੋਸਤੀ, ਨਵੀਂ ਕਰਮੂੰ ਵੱਲ ਲਾ।
ਘਰ ਵਿੱਚ ਲਾ ਲੈ ਦੋਸਤੀ, ਬਹਿ ਕੇ ਇਸ਼ਕ ਕਮਾ। ੪।

ਸਾਹਿਬਾਂ ਕਰਮੂੰ ਨੂੰ ਝਾੜਦੀ ਹੈ ਤੇ ਕਰਮੂੰ ਮਾਫ਼ੀ ਮੰਗਦਾ ਹੈ। ਇਹ ਵਾਰਤਾਲਾਪ ਬੜੀ ਲੰਮੀ ਹੋ ਜਾਂਦੀ ਹੈ, ਜਦੋਂ ਕਰਮੂੰ ਕਹਿੰਦਾ ਹੈ ਕਿ ਨਸ਼ੇ ਵਿੱਚ ਹੋਣ ਕਰਕੇ ਉਸ ਦੀ ਮੱਤ ਮਾਰੀ ਗਈ ਹੈ। ਏਸੇ ਤਰ੍ਹਾਂ ਮਿਰਜ਼ੇ ਤੇ ਛਹਿਤੀ, ਮਿਰਜ਼ੇ ਤੇ ਮਾਂ, ਬੀਬੋ ਤੇ ਸਾਹਿਬਾਂ, ਮਿਰਜ਼ਾ ਤੇ ਸਾਹਿਬਾਂ ਆਦਿ ਵਾਰਤਾਲਾਪਾਂ ਦਾ ਮਹੱਤਵਪੂਰਨ ਸਥਾਨ ਹੈ। ਪੀਲੂ ਨੇ ਬ੍ਰਿਤਾਂਤਕ ਸ਼ੈਲੀ ਨਾਲੋਂ ਵਾਰਤਾਲਾਪੀ ਸ਼ੈਲੀ ਦੀ ਵਧੇਰੇ ਵਰਤੋਂ ਕੀਤੀ ਹੈ। ਵਾਰਤਾਲਾਪ ਰਾਹੀਂ ਪਾਤਰਾਂ ਦੀ ਮਾਨਸਿਕ ਸਥਿਤੀ, ਉਨ੍ਹਾਂ ਦੇ ਸੁਭਾਵਾਂ ਵਿਚ ਆਉਂਦੇ ਉਤਰਾਵਾਂ ਚੜ੍ਹਾਵਾਂ ਨੂੰ ਰੂਪਮਾਨ ਕਰਕੇ ਕਥਾਨਕ ਨੂੰ ਗਤੀ ਪ੍ਰਦਾਨ ਕੀਤੀ ਗਈ ਹੈ। ਇਸ ਤਰ੍ਹਾਂ ਪੀਲੂ ਦੀ ਕਿੱਸਾਕਾਰੀ ਦਾ ਇੱਕ ਵਿਸ਼ੇਸ਼ ਲੱਛਣ ਵਾਰਤਾਲਾਪ ਦੀ ਉੱਤਮ ਸਿਰਜਨਾ ਹੈ।

7. ਕਵੀਉ ਵਾਚ ਜਾਂ ਕਲਾਮੇ ਸ਼ਾਇਰ

ਕਿੱਸਾਕਾਰਾਂ ਵੱਲੋਂ ਚਲੰਤ ਮਾਮਲੇ 'ਤੇ ਆਪਣੀ ਰਾਇ ਦੇਣ ਦੀ ਪਰੰਪਰਾ ਬਣ ਗਈ। ਉਹ ਆਪਣੀ ਰਾਇ ਕਵੀਉ ਵਾਚ ਜਾਂ ਕਲਾਮੇ ਸ਼ਾਇਰ ਸਿਰਲੇਖ ਹੇਠ ਦਿੰਦੇ ਹਨ। ਕਵੀ ਵਾਰ ਇਹ ਵਿਚਾਰ ਏਨੇ ਲੰਮੇ ਹੁੰਦੇ ਹਨ ਕਿ ਕਹਾਣੀ ਦਾ ਪ੍ਰਵਾਹ ਰੁਕ ਜਾਂਦਾ ਹੈ। ਵਾਰਿਸ ਸ਼ਾਹ ਨੇ ਇਸ ਜੁਗਤ ਰਾਹੀਂ ਆਪਣੀ ਵਿਦਵਤਾ ਦਾ ਪ੍ਰਦਰਸ਼ਨ ਕੀਤਾ ਹੈ। ਉਸ ਨੇ ਲੰਮੇ ਲੰਮੇ ਕਵੀਓ ਵਾਚ ਲਿਖੇ ਹਨ ਤੇ ਜਿਸ ਖੇਤਰ 'ਤੇ ਵੀ ਲਿਖਿਆ ਹੈ ਉਸ ਦਾ ਕੋਸ ਤਿਆਰ ਕਰ ਦਿੱਤਾ ਹੈ। ਜੇ ਉਹ ਜਾਤਾਂ ਬਾਰੇ ਲਿਖਦਾ ਹੈ ਤਾਂ ਉਸ ਸਮੇਂ ਦੀਆਂ ਪ੍ਰਚਲਿਤ ਜਾਤਾਂ ਦੀ ਸੂਚੀ ਦੇ ਦਿੰਦਾ ਹੈ। ਜੇ ਉਹ ਇਸਤਰੀ ਨਿੰਦਿਆ ਕਰਦਾ ਹੈ ਤਾਂ ਇਸਤਰੀਆਂ ਦੇ ਚਲਿੱਤਰ ਗਿਣਨ ਬੈਠ ਜਾਂਦਾ ਹੈ। ਪੀਲੂ ਦੇ ਉਪਲਬੱਧ ਕਿੱਸੇ ਵਿੱਚ ਕਵੀਓ ਵਾਚਾਂ ਦੀ ਅਣਹੋਂਦ ਹੈ। ਅਖੀਰ 'ਤੇ ਬਿਨਾਂ ਸਿਰਲੇਖ ਤੋਂ ਉਸ ਨੇ ਆਪਣੇ ਵਿਚਾਰ ਦਿੱਤੇ ਹਨ :

ਪੀਲੂ ਪੁਛੇ ਸ਼ਾਇਰ ਨੂੰ, ਕੈ ਵੱਲ ਗਿਆ ਜਹਾਨ।
ਬਹਿ ਬਹਿ ਗਈਆਂ ਮਜਲਿਸਾਂ, ਲੱਗ ਲੱਗ ਗਏ ਦੀਵਾਨ।
ਮਿਰਜ਼ਾ ਮਾਰਿਆ ਮਲਕੁਲ ਮੌਤ ਦਾ, ਕੁਝ ਮਾਰਿਆ ਉਹਨੂੰ ਗੁਮਾਨ।
ਵਿੱਚ ਕਬਰਾਂ ਦੇ ਖਪ ਗਿਆ, ਮਿਰਜ਼ਾ ਸੋਹਣਾ ਜਵਾਨ।
ਇਹ ਕਿੱਸਾ ਮਿਰਜ਼ਾ ਸਾਹਿਬਾਂ ਦਾ ਜੋੜਿਆ।
ਪੀਲੂ ਸ਼ਾਇਰ ਨੇ, ਜਿਹਨੂੰ ਜਾਣੇ ਕੁਲ ਜਹਾਨ।

8. ਸਧਾਰਨੀਕਰਨ

ਕਿੱਸਾਕਾਰਾਂ ਵੱਲੋਂ ਆਪਣੀ ਰਚਨਾ ਵਿੱਚ ਕੁਝ ਅਜਿਹੀਆਂ ਟਿੱਪਣੀਆਂ ਕਰਨ ਦੀ ਇੱਕ ਪਰੰਪਰਾ ਰਹੀ ਹੈ ਜੋ ਜ਼ਿੰਦਗੀ ਦੀਆਂ ਸਚਾਈਆਂ ਦਾ ਸਧਾਰਨੀਕਰਨ ਪੇਸ਼ ਕਰਦੀਆਂ ਹਨ। ਪੀਲੂ ਨੇ ਵੀ ਕਈ ਉਕਤੀਆਂ ਪੇਸ਼ ਕੀਤੀਆਂ ਹਨ ਜਿਸ ਤੋਂ ਉਸ ਦੀ ਸੂਝ ਦਾ ਪਤਾ ਲੱਗਦਾ ਹੈ :

(ਓ) ਰਾਜਾ ਝੂਰੇ ਰਾਜ ਨੂੰ, ਬੁਧਿ ਨੂੰ ਝੂਰੇ ਚੋਰ।
ਗੋਰੀ ਝੂਰੇ ਰੂਪ ਨੂੰ, ਪੈਰਾਂ ਝੂਰੇ ਮੋਰ।
(ਅ) ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ।
ਹੱਸ ਕੇ ਲਾਉਂਦੀਆਂ ਯਾਰੀਆਂ, ਰੋ ਕੇ ਦੇਂਦੀਆਂ ਦੱਸ।
(ਏ) ਲੱਥੀ ਹੱਥ ਨਾ ਆਵੰਦੀ, ਦਾਨਿਸ਼ਮੰਦਾਂ ਦੀ ਪੱਤ।
(ਸ) ਪੁੱਛ ਨਾ ਪੈਂਦੇ ਮਾਮਲੇ, ਨੇਹੁੰ ਨਾ ਲਗਦੇ ਜ਼ੋਰ।
ਗੱਲਾਂ ਕਰਨ ਸੁਖਾਲੀਆਂ, ਔਖੇ ਪਾਲਣੇ ਬੋਲ।
(ਹ) ਇਸ਼ਕ ਲਿਤਾੜੇ ਆਦਮੀ, ਬਰਫ਼ ਲਿਤਾੜੇ ਰੁੱਖ।
ਨੀਂਦ ਨਾ ਆਉਂਦੀ ਚੋਰ ਨੂੰ, ਆਸ਼ਿਕ ਨਾ ਲੱਗੇ ਭੁੱਖ।
(ਕ) ਲਿਖੀਆਂ ਡਾਢੇ ਰੱਬ ਦੀਆਂ, ਮੇਟਨ ਵਾਲਾ ਕੌਣ।
(ਖ) ਹੋਣੀ ਵਰਤੀ ਪੈਗੰਬਰਾਂ, ਹੋਣੀ ਮਿਰਜ਼ੇ 'ਤੇ ਗਈ ਆ।
(ਗ) ਮਿਰਜ਼ਿਆ! ਐਡ ਪੈਗੰਬਰ ਮਰ ਗਏ, ਤੂੰ ਕਿਹਦਾ ਪਾਣੀਹਾਰ?

9. ਬੋਲੀ

ਪੀਲੂ ਨੇ ਸਰਲ ਸੁਭਾਵਿਕ ਤੇ ਠੇਠ ਪੰਜਾਬੀ ਵਰਤੀ ਹੈ। ਉਹ ਬੋਲੀ ਆਮ ਤੌਰ 'ਤੇ ਕੇਂਦਰੀ ਪੇਂਡੂ ਹੈ। ਪੇਂਡੂ ਬੋਲੀ ਵਾਲੀ ਕਿਰਤ ਜ਼ਰੂਰੀ ਨਹੀਂ ਕਿ ਕਿਸੇ ਜੱਟ ਦੀ ਹੀ ਹੋਵੇ। ਵਧੇਰੇ ਸੰਭਾਵਨਾ ਕਿਸੇ ਗ਼ੈਰਵਾਹੀਕਾਰ ਪੇਂਡੂ ਮਰਾਸੀ ਜਾਂ ਭਰਾਈ ਆਦਿ ਦੀ ਰਚਨਾ ਹੋਣ ਦੀ ਹੈ। ਫਾਰਸੀ, ਸੰਸਕ੍ਰਿਤ ਜਾਂ ਬ੍ਰਿਜ ਭਾਸ਼ਾ ਦੀ ਪੜ੍ਹਾਈ ਦਾ ਅਸਰ ਇਸ ਬੋਲੀ 'ਤੇ ਹੈ ਨਹੀਂ।[2] ਬਾਵਾ ਬੁੱਧ ਅਨੁਸਾਰ ਪੀਲੂ ਨੇ "ਇਕ ਜਟਕੀ ਕਹਾਣੀ ਇਕ ਜਟਕੀ ਬੋਲੀ ਵਿਚ ਸੁਣਾਈ ਹੈ, ਪਰ ਮਿਰਜ਼ੇ ਸਾਹਿਬਾਂ ਦੀ ਵਾਰਤਾਈ ਅਜਿਹੀ ਹੈ ਕਿ ਦਿਲ ਵਿਚ ਸੋਜ਼ ਤੇ ਅਨਭੋਲ ਕੁੱਠੇ ਮਿਰਜ਼ੇ ਲਈ ਹਮਦਰਦੀ ਪੈਦਾ ਕਰਦੀ ਹੈ।"[3] ਸਦੀਆਂ ਬੀਤ ਜਾਣ 'ਤੇ ਵੀ ਇਹ ਕਿੱਸਾ ਓਸੇ ਰੂਪ ਵਿੱਚ ਪਿੰਡਾਂ ਵਿੱਚ ਗਾਇਆ ਜਾਂਦਾ ਹੈ। ਜਿੱਥੋਂ ਪਤਾ ਲੱਗਦਾ ਹੈ ਕਿ ਇਸ ਦੀ ਬੋਲੀ ਅੱਜਕਲ੍ਹ ਵੀ ਲੋਕ ਬੋਲੀ ਦੀ ਕਿੰਨੀ ਨੇੜੇ ਹੈ। ਸੰਜਮਤਾ ਇਸ ਬੋਲੀ ਦਾ ਇੱਕ ਹੋਰ ਲੱਛਣ ਹੈ। ਉਹ ਬੇਲੋੜੇ ਵਿਸਥਾਰ ਵਿੱਚ ਨਹੀਂ ਜਾਂਦਾ ਤੇ ਆਪਣੀ ਗੱਲ ਥੋੜ੍ਹੇ ਸ਼ਬਦਾਂ ਵਿੱਚ ਹੀ ਖਤਮ ਕਰ ਦਿੰਦਾ ਹੈ। ਸਾਹਿਬਾਂ ਦੇ ਜਨਮ ਤੋਂ ਮੁਟਿਆਰ ਹੋਣ ਤੀਕ ਦਾ ਵਰਣਨ ਕੇਵਲ ਛੇ ਸਤਰਾਂ ਵਿਚ ਹੀ ਕਰ ਦਿੰਦਾ ਹੈ :

ਘਰ ਖ਼ੀਵੇ ਦੇ ਸਾਹਿਬਾਂ, ਜੰਮੀ ਮੰਗਲਵਾਰ।
ਭੂਮ ਸੋਹੇਲੇ ਗਾਵੰਦੇ, ਖਾਨ ਖੀਵੇ ਦੇ ਬਾਰ।
ਰੱਜ ਦੁਆਈ ਦਿੱਤੀਆਂ, ਸੋਹਣੇ ਪਰਵਾਰ।
ਰਲ ਤਦਬੀਰਾਂ ਬੱਧੀਆਂ, ਛੈਲ ਹੋਈ ਮੁਟਿਆਰ।
ਸਾਹਿਬਾਂ ਨਾਲ ਸਹੇਲੀਆਂ, ਕੂੜੀ ਗੀਸਕਾਰ।

ਪੀਲੂ ਨੇ ਅਰਬੀ, ਫਾਰਸੀ ਦੇ ਤਤਸਮ ਤੇ ਤਦਭਵ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਪਰ ਇਹ ਸਾਰੇ ਸ਼ਬਦ ਪ੍ਰਚਲਿਤ ਹਨ :

ਅਰਜ਼, ਆਸ਼ਿਕ, ਆਕਾਸ਼, ਇਸ਼ਕ, ਈਮਾਨ, ਸਬਜ਼, ਸਿਦਕ, ਸਾਹਾ, ਕਾਜ਼ੀ, ਕਬਰ, ਖ਼ੁਦਾ, ਗਜ਼ਬ, ਗੁਨਾਹ, ਗ਼ੁਲਾਮ, ਗੁਮਾਨ, ਤੇਗ, ਤਰਕਸ਼, ਦਰ, ਪੈਗੰਬਰ, ਫਤਹਿ, ਬਾਦਸ਼ਾਹ, ਮਲਕੁਲ-ਮੌਤ, ਮੁਰਾਤਿਬ, ਵਜ਼ੀਰ ਆਦਿ।

ਪੀਲੂ ਨੇ ਮੁਹਾਵਰਿਆਂ ਦੀ ਵੀ ਅਨੇਕ ਥਾਵਾਂ 'ਤੇ ਵਰਤੋਂ ਕੀਤੀ ਹੈ :

ਵਣਜ ਗੁਆਉਣਾ, ਚੌੜ-ਚਪੱਟ ਹੋਣਾ, ਦੁਆਈ ਦੇਣਾ, ਅਫ਼ੀਮ ਦਾ ਡੋਰਾ ਲੱਗਣਾ, ਦੱਸ ਪਾਉਣਾ, ਆਪਣੀ ਮੌਤੇ ਮਰਨਾ, ਲਾਜ ਰੱਖਣਾ, ਪਲਾ ਅਟਕਣਾ, ਕਲੇਜਾ ਕੱਢਣਾ, ਮਾਰੋ ਮਾਰ ਕਰਨੀ, ਝੋਲੀ ਪੈਣਾ, ਦਾਗ਼ ਲਾਉਣਾ, ਸਾਵਾਂ ਮਾਰਨਾ, ਪੰਜ ਪੀਰ ਮਨਾਉਣਾ, ਹੋਣੀ ਵਰਤਣੀ, ਭਾਜੜਾਂ ਪੈਣੀਆਂ, ਪੂਰ ਖਪਾਉਣਾ ਆਦਿ।

ਪੀਲੂ ਨੇ ਪਾਤਰ ਅਤੇ ਸਮੇਂ ਅਨੁਸਾਰ ਬੋਲੀ ਦੀ ਵਰਤੋਂ ਕੀਤੀ ਹੈ। ਮਿਰਜ਼ੇ ਦੀ ਘੋੜੀ ਬੱਕੀ ਦੀ ਤਸਵੀਰ ਇੰਜ ਪੇਸ਼ ਕੀਤੀ ਹੈ :

ਸੁੰਮ ਬੱਕੀ ਦੇ ਖੜਕਦੇ, ਜਿਉਂ ਲੋਹੇ ਪੈਣ ਧਿਗਾਣ।
ਦੁਮ ਬੱਕੀ ਦੀ ਇੰਜ ਫਿਰੇ, ਜਿਉਂ ਚੌਰੀ ਕਰੇ ਗ਼ੁਲਾਮ।
ਮੂੰਹ ਨਾਲ ਲਾਹੇ ਪਗੜੀਆਂ, ਫੱਟ ਕੇ ਸੁੱਟੇ ਅੰਜਾਣ।

ਮਿਰਜ਼ੇ 'ਤੇ ਹਮਲੇ ਸਮੇਂ ਦਾ ਦ੍ਰਿਸ਼ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੈ :

ਚੰਧੜ ਸਿਆਲ ਚੜ੍ਹ ਪਏ, ਰਾਹੀਂ ਘੱਤ ਵਹੀਰ।
ਫੌਜਾਂ ਘੇਰਾ ਘੱਤਿਆ, ਕਰਕੇ ਬੜੀ ਤਦਬੀਰ।
ਕੜ ਕੜ ਚਲਣ ਗੋਲੀਆਂ, ਮਿਰਜ਼ੇ ਨੂੰ ਪੈਂਦੇ ਬਹੁਤੇ ਤੀਰ।

ਸੁਝਾਊਪੁਣਾ ਪੀਲੂ ਦੀ ਬੋਲੀ ਦੀ ਇੱਕ ਖੂਬੀ ਹੈ। ਬਾਕੀ ਕਵੀਆਂ ਵਾਂਗ ਉਸ ਨੇ ਨਖਸ਼ਿਖ ਵਰਣਨ ਦੀ ਥਾਂ 'ਤੇ ਉਸ ਨੇ ਸੁਝਾਉ ਢੰਗ ਨਾਲ ਉਸ ਦੇ ਪ੍ਰਭਾਵ ਨੂੰ ਦਰਸਾਇਆ ਹੈ। ਏਸੇ ਤਰ੍ਹਾਂ ਨਾਟਕੀ ਚੁਸਤੀ ਵੀ ਬੋਲੀ ਦਾ ਵਿਸ਼ੇਸ਼ ਲੱਛਣ ਹੈ। ਸਾਹਿਬਾਂ ਤੇ ਕਰਮੂੰ ਬ੍ਰਾਹਮਣ ਦਾ ਸੰਵਾਦ ਕਿੰਨੀ ਨਾਟਕੀ ਚੁਸਤੀ ਵਾਲਾ ਹੈ। ਏਸੇ ਤਰ੍ਹਾਂ ਵੰਝਲ ਤੇ ਮਿਰਜ਼ੇ ਦੀ ਗੱਲਬਾਤ, ਮਿਰਜ਼ੇ ਦੀ ਸਾਹਿਬਾਂ ਦੇ ਘਰ ਰਾਤ ਨੂੰ ਜਾਣਾ ਤੇ ਸਾਹਿਬਾਂ ਨੂੰ ਉਧਾਲ ਖੜਨਾ ਨਾਟਕੀ ਚੁਸਤੀ ਦੀਆਂ ਧਾਰਨੀ ਹਨ।

ਇੰਜ ਪੀਲੂ ਦੀ ਬੋਲੀ ਆਮ ਬੋਲ-ਚਾਲ ਵਾਲੀ ਤੇ ਮੁਹਾਵਰੇਦਾਰ ਹੈ। ਸਰਲਤਾ, ਸੰਜਮਤਾ ਤੇ ਸਪੱਸ਼ਟਤਾ ਇਸ ਦੇ ਵਿਸ਼ੇਸ਼ ਗੁਣ ਹਨ। ਕੇਂਦਰੀ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਗਈ। ਅਰਬੀ ਫਾਰਸੀ ਦੇ ਕੇਵਲ ਪ੍ਰਚਲਿਤ ਸ਼ਬਦ ਹੀ ਵਰਤੇ ਗਏ ਹਨ। ਸੁਝਾਊਪਣ ਤੇ ਨਾਟਕੀ ਚੁਸਤੀ ਨੇ ਇਸ ਦੀਆਂ ਖੂਬੀਆਂ ਨੂੰ ਚਾਰ ਚੰਨ ਲਾਏ ਹਨ।

10 ਛੰਦ

ਪੀਲੂ ਨੇ ਆਪਣਾ ਕਿੱਸਾ 'ਸੱਦ' ਕਾਵਿ ਰੂਪ ਵਿੱਚ ਲਿਖਿਆ ਹੈ। ਉੱਚੀ ਆਵਾਜ਼ ਨਾਲ ਪਿਆਰੇ ਨੂੰ ਪੁਕਾਰਨਾ 'ਸੱਦ' ਹੈ। ਇਹ ਇੱਕ ਪੁਰਾਤਨ ਪੰਜਾਬੀ ਕਾਵਿ ਰੂਪ ਹੈ। ਇਸ

ਵਿੱਚ ਪੇਂਡੂ ਲੋਕ ਲੰਮੀ ਹੇਕ ਲਾ ਕੇ ਪਿਆਰੇ ਨੂੰ ਸੰਬੋਧਨ ਕਰਦੇ ਹਨ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ 'ਸੱਦ' ਮਰਸੀ ਵਾਂਗ ਕਿਸੇ ਦੀ ਮੌਤ ਤੋਂ ਪਿੱਛੋਂ ਲਿਖੀ ਜਾਂਦੀ ਹੈ। ਵਾਸਤਵ ਵਿਚ ਅਜਿਹੀ ਕੋਈ ਸ਼ਰਤ ਇਸ 'ਤੇ ਲਾਗੂ ਨਹੀਂ। ਹਾਂ, ਇਸ ਰਾਹੀਂ ਥੋੜ੍ਹਾ ਜਿਹਾ ਵਿਛੋੜੇ ਤੇ ਉਦਾਸੀ ਦਾ ਪ੍ਰਭਾਵ ਪੈਂਦਾ ਹੈ।[4] ਇਹ ਲੋਕ ਗੀਤਾਂ ਦਾ ਇੱਕ ਰੂਪ ਹੈ।[5] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਾਈ ਸੁੰਦਰ ਜੀ ਦੀ ਰਾਮਕਲੀ ਰਾਗ ਵਿੱਚ ਰਚੀ 'ਸੱਦ' ਨਾਂਅ ਦੀ ਬਾਣੀ ਹੈ, ਜਿਹੜੀ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਉਨ੍ਹਾਂ ਦੀ ਯਾਦ ਵਿੱਚ ਰਚੀ ਗਈ। ਇਸ ਵਿੱਚ ਸੋਗ ਪ੍ਰਗਟ ਕਰਨ ਦੀ ਥਾਂ, ਸੋਗ ਕਰਨੋਂ ਵਰਜਿਆ ਗਿਆ ਹੈ ਅਤੇ ਮੌਤ ਤੇ ਮੌਤ ਦੇ ਮਗਰੋਂ ਦੇ ਸਮੇਂ ਸਬੰਧੀ ਉਪੇਣ ਦਿੱਤੇ ਗਏ ਹਨ।[6]

ਪੀਲੂ ਦੇ ਮਿਰਜ਼ਾ ਸਾਹਿਬਾਂ ਦਾ ਬੰਦ ਚਾਰ-ਤੁਕੀਆ ਵਧੇਰੇ ਹੈ ਪਰ ਕਿਤੇ ਕਿਤੇ ਦੋ ਤੇ ਤਿੰਨ ਤੁਕੀਏ ਬੰਦ ਵੀ ਹਨ ਤੇ ਕਈ ਥਾਈਂ ਬੰਦ ਦੀਆਂ ਤੁਕਾਂ ਚਾਰ ਤੋਂ ਵਧ ਜਾਂਦੀਆਂ ਹਨ। ਪਹਿਲੋਂ ਰਿਵਾਜ ਚਾਰ ਤੁਕੀਏ ਬੰਦ ਰਚਣ ਦਾ ਹੀ ਸੀ। ਪਿੱਛੋਂ ਜਾ ਕੇ ਇਹ ਪਾਬੰਦੀ ਢਿੱਲੀ ਹੁੰਦੀ ਗਈ, ਪਰ ਪੀਲੂ ਦੇ ਪ੍ਰਾਪਤ ਮਤਨ ਵਿੱਚ ਘੱਟ ਵੱਧ ਤੁਕਾਂ ਦੇ ਬੰਦ ਹਨ, ਜੋ ਇਸ ਦੇ ਅਪੂਰਨ ਹੋਣ ਦੀ ਗਵਾਹੀ ਦਿੰਦੇ ਹਨ।[7] ਮਾਤਰਾਂ ਦੀ ਗਿਣਤੀ ਵੀ ਇਕਸਾਰ ਨਜ਼ਰ ਨਹੀਂ ਪੈਂਦੀ। ਜਿਵੇਂ ਹੇਠ ਲਿਖੇ ਬੰਦ ਵਿੱਚ ਪਹਿਲੇ ਚਰਨ ਦੀਆਂ ਮਾਤਰਾਂ 24, ਦੂਜੇ ਚਰਨ ਦੀਆਂ ਮਾਤਰਾਂ 27, ਤੀਜੇ ਦੀਆਂ 23, ਚੌਥੇ ਦੀਆਂ 26, ਪੰਜਵੇਂ ਦੀਆਂ 25 ਹਨ।

ਘਰ ਖੀਵੇ ਦੇ ਸਾਹਿਬਾਂ, ਜੰਮੀ ਮੰਗਲਵਾਰ।
॥ SS S SIS SS SIISI = 24
ਡੂਮ ਸੋਹੇਲੇ ਗਾਵੰਦੇ, ਖ਼ਾਨ ਖੀਵੇ ਦੇ ਬਾਰ।
SI SSS SSS SI SS S SI = 27
ਰੱਜ ਦੁਆਈ ਦਿੱਤੀਆਂ, ਸੋਹਣੇ ਪਰਵਾਰ।
SI ISS ISS SIS IISI = 23
ਰਲ ਤਦਬੀਰਾਂ ਬੱਧੀਆਂ, ਛੈਲ ਕੋਈ ਮੁਟਿਆਰ।
II IISS SSS SI SS IISI =26
ਸਾਹਿਬਾਂ ਨਾਲ ਸਹੇਲੀਆਂ, ਕੂੜੀ ਰੀਸਕਾਰ।
SIS SI ISSS SS SISI = 25

ਇੰਜ ਨਾ ਤਾਂ ਤੁਕਾਂ ਦੀ ਗਿਣਤੀ ਸਮਾਨ ਹੈ ਤੇ ਨਾ ਹੀ ਮਾਤਰਾ ਦੀ ਗਿਣਤੀ ਦਾ ਧਿਆਨ ਰੱਖਿਆ ਗਿਆ ਹੈ। ਅਸਲ ਵਿੱਚ 'ਸੱਦ' ਗਾਵੁਣ ਵਾਲਾ ਆਪਣੀ ਹੇਕ ਨੂੰ ਕਿਤੇ ਲੰਮੀ ਤੇ ਕਿਤੇ ਛੋਟੀ ਕਰਕੇ ਇਸ ਗਿਣਤੀ ਦੀ ਅਸਮਾਨਤਾ ਦੇ ਔਗੁਣ ਨੂੰ ਮਹਿਸੂਸ ਨਹੀਂ ਹੋਣ ਦਿੰਦਾ।

11. ਅਲੰਕਾਰ

ਪੀਲੂ ਨੇ ਭਾਵਾਂ ਨੂੰ ਸਪੱਸ਼ਟ ਕਰਨ 'ਤੇ ਆਪਣੀ ਰਚਨਾ ਨੂੰ ਸ਼ਿੰਗਾਰਨ ਲਈ ਢੁੱਕਵੇਂ

ਅਲੰਕਾਰਾਂ ਦੀ ਵਰਤੋਂ ਕੀਤੀ ਹੈ।

ਰੂਪਕ ਅਲੰਕਾਰ

(ੳ) ਸੱਪਾਂ ਸ਼ੇਰਾਂ ਦੀ ਦੋਸਤੀ, ਨਾ ਕਰ ਭਾਈ ਅੜੀ।
ਤਪੀ ਕੜਾਹੀ ਤੇਲ ਦੀ, ਸਿਰ ਪਰ ਲਾਟ ਜਲੀ।
(ਅ) ਯਾਰਾਂ ਚੋਰਾਂ ਵਿੱਚ ਬੈਠ ਕੇ, ਗੱਲ ਨਾ ਕਰੀ ਖਰੀ।
(ਏ) ਮਿਰਜ਼ਾ ਫੁੱਲ ਗੁਲਾਬ ਦਾ, ਮੇਰੀ ਝੋਲੀ ਟੁੱਟ ਪਿਆ।
(ਸ) ਦਹਿਨੇ ਕੰਨੀਂ ਆਵੰਦਾ, ਮੇਰਾ ਮਿਰਜ਼ਾ ਸ਼ੇਰ ਜਵਾਨ।

ਦ੍ਰਿਸ਼ਟਾਂਤ ਅਲੰਕਾਰ

(ੳ) ਸੁੰਮ ਬੱਕੀ ਦੇ ਖੜਕਦੇ, ਜਿਉਂ ਲੋਹੇ ਪੈਣ ਧਿਗਾਣ।
ਦੁਮ ਬੱਕੀ ਦੀ ਇੰਜ ਫਿਰੇ, ਜਿਉਂ ਚੋਰੀ ਕਰੇ ਗੁਲਾਮ।
(ਅ) ਵਲ ਵਲ ਵੱਢ ਦੇਊਂ ਸੂਰਮੇਂ, ਜਿਉਂ ਖੇਤੀ ਨੂੰ ਪੈਣ ਗੜ੍ਹੇ।
(ਏ) ਜਿਉਂ ਮੱਕਾ ਲੱਭਾ ਹਾਜੀਆਂ, ਮੈਨੂੰ ਲੱਭਾ ਤੂੰ।
ਸ਼ਹਿਰ ਸਿਆਲਾਂ ਦੇ ਆ ਲੱਗੇ, ਜਿਉਂ ਫੱਟਾਂ ਉੱਤੇ ਲੂਣ।

ਅਤਿਕਥਨੀ ਅਲੰਕਾਰ

(ੳ) ਬੱਕੀ ਤੋਂ ਡਰਨ ਫਰਿਸ਼ਤੇ, ਮੈਥੋਂ ਡਰੇ ਖ਼ੁਦਾ।
ਚੁੱਭੇ ਵਿੱਚ ਪਤਾਲ, ਉੱਡ ਕੇ ਚੜ੍ਹੇ ਅਕਾਸ਼।
(ਅ) ਮਿਰਜ਼ਾ ਆਖੇ ਕੋਈ ਨਾ ਦੀਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
ਕਟਕ ਭਿੜਾ ਦਿਆਂ ਟੱਕਰੀਂ, ਮੈਥੋਂ ਭੀ ਰਾਠ ਡਰੇ।
ਵਲ ਵਲ ਵੱਢ ਦੇਊਂ ਸੂਰਮੇਂ, ਜਿਉਂ ਖੇਤੀ ਨੂੰ ਪੈਣ ਗੜ੍ਹੇ।
ਸਿਰ ਸਿਆਲਾਂ ਦੇ ਵੱਢ ਕੇ, ਸੁੱਟਾਂਗਾ ਵਿੱਚ ਰੜ੍ਹੇ।

ਉਪਮਾ ਅਲੰਕਾਰ

(ੳ) ਕਰ ਬਿਸ ਮਿਲਾਹ ਮਾਰਿਆ, ਭੌਂਦਾ ਵਾਂਗ ਭੰਬੀਰ।

ਅਨੁਪ੍ਰਾਸ ਅਲੰਕਾਰ

(ੳ) ਬੁਰੇ ਸਿਆਲਾਂ ਦੇ ਮਾਮਲੇ, ਬੁਰੀ ਸਿਆਲਾਂ ਦੀ ਰਾਹ।
ਬੁਰੀਆਂ ਸਿਆਲਾਂ ਦੀਆਂ ਔਰਤਾਂ, ਲੈਂਦੀਆਂ ਜਾਦੂ ਪਾ।
(ਅ) ਸੱਦਿਆ ਸਾਹਿਬਾਂ ਸਿਆਲ, ਕੀ ਕਰ ਦੇਵਾਂ ਜਵਾਬ।
(ਏ) ਵਲ ਵਲ ਵੱਢ ਦੇਊਂ ਸੂਰਮੇਂ, ਜਿਉਂ ਖੇਤੀ ਨੂੰ ਪੈਣ ਗੜ੍ਹੇ।
ਸਿਰ ਸਿਆਲਾਂ ਦੇ ਵੱਢ ਕੇ, ਸੁੱਟਾਂਗਾ ਵਿੱਚ ਰੜ੍ਹੇ।
(ਸ) ਕਾਂਵਣ ਬੱਧਾ ਤੱਕਲਾ, ਤੱਕਲੇ ਬੱਧਾ ਤੀਰ।

ਵੀਪਸ ਅਲੰਕਾਰ

(ੳ) ਵਲ ਵਲ ਵੱਡ ਦੇਊਂ ਸੂਰਮੇਂ, ਜਿਉਂ ਖੇਤੀ ਨੂੰ ਪੈਣ ਗੜ੍ਹੇ।

ਸਿਰ ਸਿਆਲਾਂ ਦੇ ਵੱਢ ਕੇ, ਸੁੱਟਾਂਗਾ ਵਿੱਚ ਰੜ੍ਹੇ।

(ਅ) ਮੈਂ ਵਲ ਵਲ ਵੱਢ ਦਿਆਂਗਾ ਸੂਰਮੇ, ਦੇਊੰ ਪੂਰ ਖਪਾ।

ਲਕੋਕਤੀ ਅਲੰਕਾਰ

(ੳ) ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ।

(ਅ) ਮੂਸਾ ਭੱਜਿਆ ਮੌਤ ਤੋਂ, ਅੱਗੇ ਮੌਤ ਖੜ੍ਹੀ।

(ਇ) ਟਾਂਗੂ ਵੱਜੇ ਮਲਕੁਤ ਮੌਤ ਦੇ, ਕਿਤੇ ਨਹੀਂ ਦੇਂਦੇ ਜਾਣ।

ਮਾਨਵੀਕਰਨ ਅਲੰਕਾਰ

ਇਸ਼ਕ ਲਿਤਾੜੇ ਆਦਮੀ, ਬਰਫ਼ ਲਿਤਾੜੇ ਰੁੱਖ।

12. ਰਸ

ਪੀਲੂ ਦੇ ਕਿੱਸੇ ਵਿੱਚ ਵੱਖ-ਵੱਖ ਰਸਾਂ ਦਾ ਪ੍ਰਤੀਪਾਦਨ ਹੋਇਆ ਹੈ। ਇਨ੍ਹਾਂ ਵਿੱਚ ਪ੍ਰਮੁੱਖ ਰਸਾਂ ਦੇ ਨਮੂਨੇ ਹੇਠ ਲਿਖੇ ਹਨ :

ਸ਼ਿੰਗਾਰ ਰਸ

ਇਹ ਮੀਰੀ ਰਸ ਹੈ। ਮਤੀ ਰਾਮ ਇਸ ਨੂੰ ਹੀ ਰਾਜ ਰਸ ਕਹਿੰਦੇ ਹਨ। ਕਵੀਆਂ ਸਾਹਿਤਕਾਰਾਂ ਤੇ ਆਲੋਚਕਾਂ ਦਾ ਮੱਤ ਹੈ ਕਿ ਸ਼ਿੰਗਾਰ ਰਸ ਸਭ ਤੋਂ ਪ੍ਰਬਲ ਰਸ ਹੈ। ਭਰਤ ਮੁਨੀ ਅਨੁਸਾਰ ਸੰਸਾਰ ਵਿੱਚ ਜੋ ਕੁਝ ਵੀ ਉਜਵਲ ਤੇ ਪਵਿੱਤਰ ਹੈ ਉਹ ਸ਼ਿੰਗਾਰ ਰਸ ਵਿੱਚ ਸ਼ਾਮਿਲ ਹੈ। ਕਰੁਣਾ ਰਸ, ਬੀਰ ਰਸ, ਅਦਭੁਤ ਰਸ ਤੇ ਸ਼ਾਂਤ ਰਸ ਇਸ ਦੇ ਅਧੀਨ ਹੋ ਕੇ ਚਲਦੇ ਹਨ ਜਾਂ ਇਉਂ ਕਹੀਏ ਕਿ ਇਹ ਇਸ ਦੀਆਂ ਹੀ ਵੱਖ-ਵੱਖ ਸਥਿਤੀਆਂ ਦੇ ਪ੍ਰਭਾਵ ਦਾ ਸਦਕਾ ਹਨ। ਪ੍ਰੇਮੀਆਂ ਦੇ ਮਿਲਾਪ ਦੀ ਖੁਸ਼ੀ, ਵਿਯੋਗ ਦੀ ਮਿੱਠੀ ਤੇ ਚੁਭਵੀਂ ਯਾਦ, ਸੁੰਦਰਤਾ ਦਾ ਚਿੱਤਰ (ਮਨੁੱਖਥੀ ਜਾਂ ਕੁਦਰਤੀ) ਜੋ ਜ਼ਿੰਦਗੀ ਵਿੱਚ ਇਕ ਹੁਲਾਰਾ ਬਖਸ਼ ਦੇਵੇ ਸਭ ਨੂੰ ਸ਼ਿੰਗਾਰ ਰਸ ਅਧੀਨ ਲਿਆ ਸਕਦੇ ਹਾਂ।[8] ਪੀਲੂ ਨੇ ਮਿਰਜ਼ੇ ਤੇ ਸਾਹਿਬਾਂ ਦੀ ਸੁੰਦਰਤਾ ਦੇ ਪ੍ਰਭਾਵ ਨੂੰ ਪੇਸ਼ ਕੀਤਾ ਹੈ :

ਕੱਢ ਕਲੇਜਾ ਲੈ ਗਈ, ਖ਼ਾਨ ਖੀਵੇ ਦੀ ਧੀ।

ਗਜ਼ ਗਜ਼ ਲੰਮੀਆਂ ਮੀਂਢੀਆਂ, ਰੰਗ ਜੋ ਗੋਰਾ ਸੀ।

ਜਦ ਮਿਰਜ਼ਾ ਸਾਹਿਬਾਂ ਦੇ ਸੱਦੇ 'ਤੇ ਸਾਹਿਬਾਂ ਨੂੰ ਮਿਲਦਾ ਹੈ ਤਾਂ ਉਨ੍ਹਾਂ ਦੋਵਾਂ ਦੀ ਮਿਲਨੀ ਸੰਭੋਗ ਸ਼ਿੰਗਾਰ ਰਸ ਦਾ ਨਮੂਨਾ ਪੇਸ਼ ਕਰਦੀ ਹੈ :

ਨਾ ਫੜ ਬਾਹੀਆਂ ਘੁੱਟ ਕੇ, ਵੰਗਾਂ ਜਾਂਦੀਆਂ ਟੁੱਟ।

ਕੱਲ ਚੀਰ ਚੜ੍ਹਾਈਆਂ, ਪਹਿਨ ਨਾ ਵੇਖੀਆਂ ਰੱਜ।

ਬੀਰ ਰਸ

ਸ਼ਿੰਗਾਰ ਰਸ ਤੋਂ ਮਗਰੋਂ ਪੰਜਾਬੀ ਕਾਵਿ ਵਿੱਚ ਬੀਰ ਰਸ ਨੂੰ ਖਾਸ ਥਾਂ ਪ੍ਰਾਪਤ ਰਹੀ ਹੈ। ਬੀਰ ਰਸ ਦਾ ਸਥਾਈ ਭਾਵ ਪਾਠਕਾਂ ਤੇ ਸਰੋਤਿਆਂ ਵਿੱਚ ਜੀਵਨ ਉਤਸ਼ਾਹ ਪੈਦਾ ਕਰਨਾ ਹੈ। ਯੋਧਿਆਂ ਦਾ ਜੰਗ ਲਈ ਤਿਆਰ ਹੋਣਾ, ਯੁੱਧ ਵਿੱਚ ਸ਼ਾਮਿਲ ਹੋਣਾ, ਕਰਾਰੇ

ਹੱਥ ਵਿਖਾਉਣਾ, ਕਿਸੇ ਆਗੂ ਦਾ ਸਰੋਤਿਆਂ ਵਿੱਚ ਬੀਰ ਭਾਵਨਾ ਉਜਾਗਰ ਕਰਨਾ, ਸਭ ਬੀਰ ਰਸ ਵਿੱਚ ਆਉਂਦੇ ਹਨ।[9] ਪੀਲੂ ਦਾ ਮਿਰਜ਼ਾ ਬੀਰ ਰਸ ਪ੍ਰਧਾਨ ਰਚਨਾ ਹੈ। ਪੰਜਾਬੀਆਂ ਦੇ ਦਿਲ ਵਿੱਚ ਮਿਰਜ਼ੇ ਦਾ ਜੋ ਬਿੰਬ ਹੈ, ਉਹ ਇੱਕ ਬਹਾਦਰ ਤੇ ਅਣਖੀ ਸੂਰਮੇ ਦਾ ਬਿੰਬ ਹੈ। ਪੰਜਾਬੀ ਸੱਭਿਆਚਾਰ ਵਿੱਚ ਬੀਰ ਰਸ ਦੀ ਪ੍ਰਧਾਨਤਾ ਰਹੀ ਹੈ। ਇਹੋ ਕਾਰਨ ਹੈ ਕਿ ਇਹ ਕਿੱਸਾ ਪੰਜਾਬੀ ਗੱਭਰੂਆਂ ਵਿੱਚ ਹਰਮਨ ਪਿਆਰਾ ਰਿਹਾ ਹੈ। ਸਿ ਬਾਰੇ ਅਸੀਂ ਵਿਸਥਾਰ-ਪੂਰਵਕ ਚਰਚਾ 'ਨਾਇਕ ਦਾ ਸੰਕਲਪ' ਅਧਿਆਇ ਵਿੱਚ ਕਰ ਆਏ ਹਾਂ। ਬੀਰ ਰਸ ਦੇ ਕੁਝ ਨਮੂਨੇ ਹੇਠਾਂ ਦਿੱਤੇ ਗਏ ਹਨ :

(ੳ) ਮੇਰੇ ਉੱਪਰ ਨਾ ਕੋਈ ਦੀਹਦਾ ਸੂਰਮਾ, ਜਿਹੜਾ ਮੇਰੇ ਪੁਰ ਵਾਰ ਕਰੇ।
ਮਾਰ ਕੋਹਾਂ ਤੇਰੇ ਤੇ ਜਿੰਨੇ ਨੇ, ਪਾਸ ਤੇਰੇ ਵੀਰ ਖੜੇ।

(ਅ) ਮਿਰਜ਼ਾ ਆਖੇ ਕੋਈ ਨਾ ਦੀਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
ਕਟਕ ਭਿੜਾ ਦਿਆਂ ਟੱਕਰੀਂ, ਮੈਥੋਂ ਭੀ ਰਾਠ ਡਰੇ।
ਵਲ ਵਲ ਵੱਢ ਦੇਊੰ ਸੂਰਮੇ, ਜਿਉਂ ਖੇਤੀ ਨੂੰ ਪੈਣ ਗੜ੍ਹੇ।
ਸਿਰ ਸਿਆਲਾਂ ਦੇ ਵੱਢ ਕੇ, ਸੁਟਾਂਗਾ ਵਿੱਚ ਰੜ੍ਹੇ।

(ਇ) ਚੰਧੜ ਸਿਆਲ ਚੜ੍ਹ ਪਏ, ਰਾਹੀ ਘੱਤ ਵਹੀਰ।
ਫੌਜਾਂ ਘੇਰਾ ਘੱਤਿਆ, ਕਰਕੇ ਬੜੀ ਤਦਬੀਰ।
ਕੜ ਕੜ ਚਲਣ ਗੋਲੀਆਂ, ਮਿਰਜ਼ੇ ਨੂੰ ਪੈਂਦੇ ਬਹੁਤੇ ਤੀਰ।

(ਸ) ਮਿਰਜ਼ੇ ਆਉਂਦਾ ਵੇਖਿਆ, ਸਾਹਿਗਬਾਂ ਦਾ ਵੀਰ ਸ਼ਮੀਰ।
ਤੇ ਮਿਰਜ਼ੇ ਨੇ ਗੋਸ਼ੇ ਵਿੱਚੋਂ ਕੱਢਿਆ, ਕਰੜੇ ਨੁੱਕੇ ਦਾ ਤੀਰ।
ਕਰ ਬਿਸਮਿੱਲਾਹ ਮਾਰਿਆ, ਭੌਂਦਾ ਵਾਂਗ ਭੰਬੀਰ।
ਘੋੜੀ ਉੱਤੋਂ ਲਾਹ ਲਿਆ, ਸਾਹਿਬਾਂ ਦਾ ਵੀਰ ਸ਼ਮੀਰ।

ਕਰੁਣਾ ਰਸ

ਗ਼ਮ ਅਥਵਾ ਸ਼ੋਕ ਇਸ ਦੇ ਸਥਾਈ ਭਾਵ ਹਨ। ਵਿਯੋਗ ਦੇ ਕਾਰਨ ਵਗਦੇ ਹੰਝੂ, ਵਿਰਲਾਪ, ਦੁੱਖ ਦੇ ਕਾਰਨ ਪਿਆਰੇ ਨੂੰ ਤਾਅਨੇ ਮਿਹਣੇ ਸਭ ਕਰੁਣਾ ਰਸ ਵਿੱਚ ਸ਼ਾਮਿਲ ਹਨ।[10] ਪੀਲੂ ਨੇ ਵੀ ਕਰੁਣਾ ਰਸ ਦੇ ਕਈ ਨਮੂਨੇ ਪੇਸ਼ ਕੀਤੇ ਹਨ। ਮਿਰਜ਼ੇ ਦੀ ਮਾਂ ਦੇ ਬੋਲ, ਸੁੱਤੇ ਪਏ ਮਿਰਜ਼ੇ ਨੂੰ ਜਗਾਉਂਦੀ ਸਾਹਿਬਾਂ ਦੀਆਂ ਨਸੀਹਤਾਂ ਅਤੇ ਮਿਰਜ਼ੇ ਦੀ ਮੌਤ ਤੇ ਸਾਹਿਬਾਂ ਦਾ ਵਰਲਾਪ ਕਰੁਣਾਮਈ ਭਰਪੂਰ ਹਨ :

(ੳ) ਜੰਡ ਦੇ ਹੇਠਾਂ ਜੱਟਾਂ ਸੌਂ ਰਹਿਓਂ, ਲਾਲ ਦੁਸ਼ਾਲਾ ਤਾਣ।
ਵਹੀ ਚਲਾਈਆਂ ਕਾਨੀਆਂ, ਮੌਤ ਨਾ ਦੇਣੀ ਜਾਣ।...
ਮੁਠੀਆਂ ਭਰ ਜਗਾਉਂਦੀ ਯਾਰ ਨੂੰ, ਜਾਗੀਏ ਰੱਬ ਦੇ ਨਾਂ।
ਧੁਰ ਨਾ ਅਪੜੀ ਰੰਨ ਸਾਹਿਬਾਂ, ਮੇਰੀ ਵਿਚਾਲਿਓਂ ਟੁੱਟੀ ਲਾਂ।
ਜੇ ਨਾ ਸੀ ਤੋੜ ਨਿਭਾਉਣੀ, ਮੇਰੀ ਕਾਹਨੂੰ ਪਕੜੀ ਬਾਂਹ।

ਬਚਾਅ ਕਰੇਂਦੇ ਆਸ਼ਿਕਾ, ਨਾ ਅੱਗੇ ਮਿਲਣਾ ਤੈਨੂੰ ਥਾਂ।
(ਅ) ਅੱਗੋਂ ਸਾਹਿਬਾਂ ਬੋਲਦੀ, ਮਿਰਜ਼ਿਆ। ਮੰਨ ਮੇਰੀ ਅਰਜ਼ਾ।
ਹੋਣੀ ਵਰਤੀ ਪੈਗੰਬਰਾਂ, ਹੋਣੀ ਮਿਰਜ਼ੇ 'ਤੇ ਗਈ ਆ।
ਬੇਟੇ ਸ਼ਾਹ ਅਲੀ ਦੇ, ਹਸਨ ਹੁਸੈਨ ਭਰਾ।
ਲੜਦੇ ਨਾਲ ਯਜ਼ੀਦੀਆਂ, ਦਿੱਤੇ ਪੂਰ ਖਪਾ।
ਦਰ ਵਿੱਚ ਰੋਂਦੀ ਬੀਬੀ ਫ਼ਾਤਿਮਾ, ਮੁੜ ਕੇ ਨਾ ਆਏ ਮੇਰੇ ਪਾਹ।
ਮਿਰਜ਼ਿਆ! ਐਡ ਪੈਗੰਬਰ ਮਰ ਗਏ, ਤੂੰ ਕਿਹਦਾ ਪਾਣੀਹਾਰ?
ਇੱਕ ਅਰਜ਼ ਮੇਰੀ ਮੰਨ ਲੈ, ਮੈਨੂੰ ਸਾਹਿਬਾਂ, ਲੈ ਚੱਲ ਨਾਲ।

ਹਾਸ ਰਸ

ਹਾਸ ਰਸ ਕੇਵਲ ਮੋਟਾ ਠੁਲ੍ਹਾਂ ਹਾਸਾ ਨਹੀਂ। ਇਸ ਵਿੱਚ ਖਿੜ ਖਿੜਾ ਕੇ ਖੁੱਲ੍ਹੇ ਹਾਸੇ ਨਾਲ ਬੁਲ੍ਹਾਂ ਵਿਚਕਾਰ ਰਹਿਣ ਵਾਲੀ ਮੁਸਕਰਾਹਟ ਵੀ ਸ਼ਾਮਿਲ ਹੈ। ਇਸ ਤਰ੍ਹਾਂ ਜ਼ੋਰ ਦਾ ਹਾਸਾ, ਵਿਅੰਗ, ਚੋਟ ਤੇ ਹਾਜ਼ਰ ਜਵਾਬੀ ਸਭ ਹਾਸ ਰਸ ਵਿੱਚ ਸ਼ਾਮਿਲ ਹਨ।[11] ਮਿਰਜ਼ਾ ਸਾਹਿਬਾਂ ਦੇ ਇਸ ਕਿੱਸੇ ਵਿੱਚ ਕਿਤੇ ਕਿਤੇ ਹਾਸ ਰਸ ਮਿਲਦਾ ਹੈ। ਜਦ ਸਾਹਿਬਾਂ ਕਰਮੂੰ ਬ੍ਰਾਹਮਣ ਨੂੰ ਮਿਰਜ਼ੇ ਕੋਲ ਜਾ ਕੇ ਉਸ ਦੇ ਵਿਆਹ ਦਾ ਸੁਨੇਹਾ ਦੇਣ ਲਈ ਕਹਿੰਦੀ ਹੈ ਤਾਂ ਕਰਮੂੰ ਉਸ ਨੂੰ ਮਿਰਜ਼ੇ ਦੀ ਥਾਂ 'ਤੇ ਆਪਣੇ ਨਾਲ ਇਸ਼ਕ ਕਮਾਉਣ ਲਈ ਕਹਿੰਦਾ ਹੈ। ਉਸ ਦੀਆਂ ਆਸਾਂ 'ਤੇ ਉਸ ਸਮੇਂ ਪਾਣੀ ਫਿਰ ਜਾਂਦਾ ਹੈ ਜਦੋਂ ਸਾਹਿਬਾਂ ਉਸ ਨੂੰ ਆਪਣੇ ਪਿਉ ਤੇ ਭਰਾਵਾਂ ਦਾ ਡਰ ਦਿੰਦੀ ਹੋਈ ਕਹਿੰਦੀ ਹੈ :

ਲਗਦੀ ਆ ਮੈਂ ਤੇਰੀ ਪੋਤਰੀ, ਬਹਿ ਗਿਆਂ ਰੰਨ ਬਣਾ।

ਇਹ ਉਨ੍ਹਾਂ ਲੋਕਾਂ 'ਤੇ ਵਿਅੰਗ ਹੈ ਜਿਹੜੇ ਵੱਡੀ ਉਮਰ ਵਿੱਚ ਕਿਸੇ ਜਵਾਨ ਮੁਟਿਆਰ ਦਾ ਸਾਥ ਭਾਲਦੇ ਹਨ। ਇਹ ਨਿਮ੍ਹਾ ਨਿਮ੍ਹਾ ਹਾਸਾ ਵੀ ਪੈਦਾ ਕਰਦਾ ਹੈ। ਆਪਣੇ ਕੁਕਰਮ ਨੂੰ ਛੁਪਾਉਣ ਲਈ ਬਹਾਨੇਬਾਜ਼ੀ ਕਰਦਾ ਹੈ ਜੋ ਹਾਸ ਰਸ ਪੈਦਾ ਕਰਦਾ ਹੈ :

ਇਹ ਗੁਨਾਹ ਮੇਰਾ ਬਖਸ਼ ਲੈ ਸਾਹਿਬਾਂ ਜਿੱਥੇ ਘੱਲੇਂ ਓਥੇ ਜਾ।
ਡੋਰਾ ਲੱਗਾ ਅਫ਼ੀਮ ਦਾ, ਸਾਡੀ ਅਕਲ ਟਿਕਾਣੇ ਨਾਹ।
ਮੈਂ ਤੇ ਭੋਲਾ ਗ਼ਰੀਬ ਹਾਂ, ਮੇਰੀ ਰੱਖ ਧੌਲਿਆਂ ਦੀ ਲਾਜ।

13. ਦੁਖਾਂਤ ਸੰਕਲਪ

ਸਾਡਾ ਮੁੱਢਲਾ ਕਿੱਸਾਕਾਰ ਦਮੋਦਰ ਆਪਣੇ ਕਿੱਸਾ 'ਹੀਰ ਰਾਂਝਾ' ਦਾ ਅੰਤ ਭਾਰਤੀ ਪਰੰਪਰਾ ਅਨੁਸਾਰ ਸੁਖਾਂਤ ਵਿੱਚ ਕਰਦਾ ਹੈ। ਅਦਲੀ ਰਾਜੇ ਵੱਲੋਂ ਜਦ ਰਾਂਝੇ ਨੂੰ ਹੀਰ ਸੌਂਪ ਦਿੱਤੀ ਜਾਂਦੀ ਹੈ ਤਾਂ ਉਹ ਦੋਵੇਂ ਮੱਕੇ ਦੇ ਹੱਜ ਨੂੰ ਚਲੇ ਜਾਂਦੇ ਹਨ। ਪੀਲੂ 'ਮਿਰਜ਼ਾ ਸਾਹਿਬਾਂ' ਦਾ ਕਿੱਸਾ ਰਚਨ ਵਾਲਾ ਪਹਿਲਾ ਕਿੱਸਾਕਾਰ ਹੈ। ਉਸ ਨੇ ਆਪਣੇ ਕਿੱਸੇ ਦਾ ਅੰਤ ਦੁਖਾਂਤ ਵਿੱਚ ਕੀਤਾ ਹੈ। ਮਿਰਜ਼ਾ ਸਿਆਲਾਂ ਤੇ ਚੰਧੜਾਂ ਦੁਆਰਾ ਕਤਲ ਕਰ ਦਿੱਤਾ ਜਾਂਦਾ ਹੈ। ਸਾਹਿਬਾਂ ਦੇ ਅੰਤ ਬਾਰੇ ਭਾਵੇਂ ਕਿੱਸਾ ਚੁੱਪ ਹੈ। ਇਹ ਸ਼ਾਇਦ ਕਿਸੇ ਦਾ ਮਤਨ ਨਾ ਮਿਲਣ

ਕਾਰਨ ਹੈ। ਕਿੱਸਾ ਪੜ੍ਹਨ 'ਤੇ ਇਹੋ ਪ੍ਰਭਾਵ ਮਿਲਦਾ ਹੈ ਕਿ ਸਾਹਿਬਾਂ ਵੀ ਪਿਆਰ ਦੀ ਬਲੀ ਚੜ੍ਹ ਗਈ। ਪੰਜਾਬੀ ਕਿੱਸਾ-ਕਾਵਿ ਵਿੱਚ ਇਹ ਪਹਿਲਾ ਦੁਖਾਂਤਿਕ ਕਿੱਸਾ ਹੈ। ਇੰਜ ਪੀਲੂ-ਨੇ ਕਿੱਸਾ-ਕਾਵਿ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਕਿੱਸਾ-ਕਾਵਿ ਭਾਰਤੀ ਪਰੰਪਰਾ ਨਾਲੋਂ ਟੁੱਟ ਕੇ ਯੂਨਾਨੀ ਪਰੰਪਰਾ ਵੱਲ ਨੂੰ ਝੁਕ ਗਿਆ।

ਹਵਾਲੇ ਤੇ ਟਿੱਪਣੀਆਂ

1. 'ਸੱਸੀ ਪੁੰਨੂੰ ਹਾਸ਼ਮ' (ਸੰ. ਦੀਵਾਨ ਸਿੰਘ, ਰੋਸ਼ਨ ਲਾਲ ਆਹੂਜਾ) ਪੰਨੇ 46-47
2. 'ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ-1)' ਭਾਸ਼ਾ ਵਿਭਾਗ, ਪਟਿ: ਪੰਨਾ 607
3. 'ਬਾਵਾ ਬੁੱਧ ਰਚਨਾਵਲੀ (ਆਲੋਚਨਾ)', ਭਾਸ਼ਾ ਵਿਭਾਗ, ਪੰਨਾ 439
4. 'ਪੰਜਾਬੀ ਯੂਨੀਵਰਸਿਟੀ ਪੰਜਾਬੀ ਸਾਹਿਤ-ਕੋਸ਼', ਭਾਗ ਪਹਿਲਾ, ਪੰਨਾ 141
5. ਉਹੀ, ਪੰਨਾ 455
6. 'ਨਵੀਨ ਪੰਜਾਬੀ ਪਿੰਗਲ', ਪੰਨਾ 52
7. 'ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ)', ਭਾਸ਼ਾ ਵਿਭਾਗ, ਪਟਿ: ਪੰਨਾ 610
8. 'ਪੰਜਾਬੀ ਯੂਨੀਵਰਸਿਟੀ ਪੰਜਾਬੀ ਸਾਹਿਤ-ਕੋਸ਼', ਭਾਗ ਪਹਿਲਾ, ਪੰਨਾ 411
9. ਉਹੀ, ਪੰਨਾ 413
10. ਉਹੀ, ਪੰਨਾ 414
11. ਉਹੀ, ਪੰਨਾ 416

*****

ਮੂਲ ਪਾਠ

ਘਰ ਖੀਵੇ ਦੇ ਸਾਹਿਬਾਂ, ਜੰਮੀ ਮੰਗਲਵਾਰ।
ਡੂਮ ਸੋਹੇਲੇ ਗਾਂਵਦੇ, ਖਾਨ ਖੀਵੇ ਦੇ ਬਾਰ।
ਰੱਜ ਦੁਆਈ ਦਿੱਤੀਆਂ, ਸੋਹਣੇ ਪਰਵਾਰ।
ਰਲ ਤਦਬੀਰਾਂ ਬੱਧੀਆਂ, ਛੈਲ ਹੋਈ ਮੁਟਿਆਰ।
ਸਾਹਿਬਾਂ ਨਾਲ ਸਹੇਲੀਆਂ, ਕੂੜੀ ਰੀਸਕਾਰ। 1 ।

ਘਰ ਵੰਝਲ ਦੇ ਮਿਰਜ਼ਾ, ਜੰਮਿਆ ਕਰੜੇ ਵਾਰ।
ਜਨਮ ਦਿੱਤਾ ਮਾਈ ਬਾਪ ਨੇ, ਰੂਪ ਦਿੱਤਾ ਕਰਤਾਰ।
ਐਸਾ ਮਿਰਜ਼ਾ ਸੂਰਮਾ, ਖਰਲਾਂ ਦਾ ਸਰਦਾਰ। 2 ।

ਸਾਹਿਬਾਂ ਪੜ੍ਹੇ ਪੱਟੀਆਂ, ਮਿਰਜ਼ਾ ਪੜ੍ਹੇ ਕੁਰਾਨ।
ਵਿੱਚ ਮਸੀਤ ਦੇ ਲੱਗੀਆਂ, ਜਾਣੇ ਕੁਲ ਜਹਾਨ। 3 ।

ਨਾ ਮਾਰ ਕਾਜ਼ੀ ਛਮਕਾਂ, ਨਾ ਦੇ ਤੱਤੀ ਨੂੰ ਤਾਇ।
ਪੜ੍ਹਨਾ ਸਾਡਾ ਰਹਿ ਗਿਆ, ਲੈ ਆਏ ਇਸ਼ਕ ਲਿਖਾਇ। 4 ।

ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ।
ਫੜ ਨਾ ਜਾਣੇ ਤੱਕੜੀ, ਹਾੜ ਨਾ ਜਾਣੇ ਵੱਟ।
ਤੇਲ ਭੁਲਾਵੇ ਭੁੱਲਾ ਬਾਣੀਆ, ਦਿੱਤਾ ਸ਼ਹਿਤ ਉੱਲਟ।
ਵਣਜ ਗਵਾ ਲੈ ਬਾਣੀਆਂ, ਬਲਦ ਗਵਾ ਲੈ ਜੱਟ।
ਤਿੰਨ ਸੈ ਨਾਂਗਾ ਪਿੜ ਰਿਹਾ, ਹੋ ਗਏ ਚੌੜ ਚੁਪੱਟ।
ਮਿਰਜ਼ੇ ਸਾਹਿਬਾਂ ਦੀ ਦੋਸਤੀ, ਰਹੂ ਵਿੱਚ ਜਗਤ। 5 ।

ਘਰ ਤੋਂ ਸਾਹਿਬਾਂ ਟੁਰ ਪਈ, ਕਰ ਕੇ ਪੜ੍ਹਨ ਦੀ ਨੀਤ।
ਕਾਜ਼ੀ ਸਾਡਾ ਮਰ ਗਿਆ, ਸੁੰਨੀ ਪਈ ਮਸੀਤ। 6 ।

ਤੂੰ ਸੁਣ ਕਰਮੂੰ ਬਾਹਮਣਾ, ਕਦੀ ਨਾ ਆਇਓਂ ਕਾਮ।
ਘੋੜੀ ਦਿਆਂ ਤੇਰੇ ਚੜ੍ਹਨ ਨੂੰ ਕਾਠੀ ਸਣੇ ਲਗਾਮ।

ਹੱਥ ਦੀਆਂ ਦੇ ਦਿਆਂ ਚੂੜੀਆਂ, ਸੋਨਾ ਕਰਦੀ ਦਾਨ।
ਝੋਟੀ ਦਿਆਂ ਦੁੱਧ ਪੀਣ ਨੂੰ, ਹਲ ਦੀ ਜ਼ਿਮੀਂ ਇਨਾਮ।
ਜਬ ਲੱਗ ਜੀਵੇ ਸਾਹਿਬਾਂ, ਰੱਖੇ ਤੇਰਾ ਇਹਸਾਨ।
ਚੌਥੇ ਨੂੰ ਚੰਧੜ ਵਿਆਹ ਲਿਜਾਣਗੇ, ਫਿਰ ਕੀ ਕਰੇਂਗਾ ਆਣ। 7 ।

ਅੱਗੋਂ ਕਰਮੂੰ ਬੋਲਦਾ, ਸੱਚੀ ਦਿਆਂ ਸੁਣਾ।
ਚਾਲ੍ਹੀ ਕੋਹਾਂ ਦਾ ਪੈਂਡਾ ਹੈ, ਕੌਣ ਆਵੇ, ਕੌਣ ਜਾ।
ਘਰ ਮਿਰਜ਼ੇ ਦੇ ਹੋਰ ਇਸਤਰੀ, ਸੁਣੀਂਦੀ ਬੁਰੀ ਬਲਾ।
ਸੌਕਣ ਉੱਤੇ ਸੌਕਣ ਪਏ, ਲੇਵੇ ਅੱਧ ਵੰਡਾ।
ਛੱਡ ਦੇ ਪੁਰਾਣੀ ਜੱਟ ਦੀ ਦੋਸਤੀ, ਨਵੀਂ ਕਰਮੂੰ ਵੱਲ ਲਾ।
ਘਰ ਵਿੱਚ ਲਾ ਲੈ ਦੋਸਤੀ, ਬਹਿ ਕੇ ਇਸ਼ਕ ਕਮਾ। 8 ।

ਅੱਗੋਂ ਸਾਹਿਬਾਂ ਬੋਲਦੀ, ਤੇਰੇ ਮੂੰਹ ਵਿੱਚ ਸੁਆਹ।
ਮਾਰਾਂ ਚਪੇੜ ਤੇਰੇ ਗ਼ਜ਼ਬ ਦੀ, ਦਿਆਂ ਅਕਲ ਗਵਾ।
ਖ਼ਬਰ ਹੋ ਜਾਏ ਮੇਰੇ ਬਾਪ ਨੂੰ, ਤੈਨੂੰ ਸ਼ਹਿਰੋਂ ਦੇਇ ਉਜਾੜ।
ਤੇ ਖ਼ਬਰ ਹੋ ਜਾਏ ਵੀਰ ਸ਼ਮੀਰ ਨੂੰ, ਤੈਨੂੰ ਕਰਹਿ ਮਾਰ।
ਜੇ ਖ਼ਬਰ ਹੋ ਜਾਏ ਪਿੰਡ ਦੇ ਮੁੰਡਿਆਂ, ਕਰਨ ਢੀਮਾਂ ਦੀ ਮਾਰ।
ਭਲਕੇ ਸਰਾਧ ਦਾਦਾ ਆਉਣਗੇ, ਨਿਉਂਦੇ ਖਾਣ ਤੇ ਜਾ।
ਲਗਨੀ ਆਂ ਮੈਂ ਤੇਰੀ ਪੋਤਰੀ, ਬਹਿ ਗਿਆਂ ਰੰਨ ਬਣਾ।
ਲੱਗੂ ਕਚਹਿਰੀ ਖੀਵੇ ਬਾਪ ਦੀ, ਤੈਨੂੰ ਬੰਨ੍ਹ ਕੇ ਲਊਂ ਮੰਗਾ। 9 ।

ਇਹ ਗੁਨਾਹ ਮੇਰਾ ਬਖ਼ਸ਼ ਲੈ, ਸਾਹਿਬਾਂ ਜਿੱਥੇ ਘੱਲੇਂ ਓਥੇ ਜਾ।
ਡੋਰਾ ਲੱਗਾ ਅਫ਼ੀਮ ਦਾ, ਸਾਡੀ ਅਕਲ ਟਿਕਾਣੇ ਨਾਹ।
ਮੈਂ ਤੇ ਭੋਲਾ ਗ਼ਰੀਬ ਹਾਂ, ਮੇਰੀ ਰੱਖ ਧੌਲਿਆਂ ਦੀ ਲਾਜ।
ਬੜੀ ਰਾਤੋਂ ਉੱਠ ਕੇ, ਟੁਰ ਪਵਾਂ ਖਰਲਾਂ ਦੀ ਰਾਹ। 10 ।

ਸਿਆਲਾਂ ਤੋਂ ਬਾਹਮਣ ਟੁਰ ਪਿਆ, ਪਿਆ ਖਰਲਾਂ ਦੀ ਰਾਹ।
ਕੋਲ ਮਿਰਜ਼ੇ ਦੇ ਆ ਕੇ, ਦੱਸ ਦਿੱਤੀ ਸਾਹੇ ਦੀ ਪਾ।
ਮਹਿੰਦੀ ਸਾਹਿਬਾਂ ਦੇ ਵਿਆਹ ਦੀ, ਚਲ ਕੇ ਹੱਥੀਂ ਆਪਣੇ ਲਾ।
ਭੇਜਿਆ ਸਾਹਿਬਾਂ ਦਾ ਆ ਗਿਆਂ, ਛੇਤੀ ਹੋ ਤਿਆਰ। 11 ।

ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਛਹਿਤੀ ਕਰੇ ਜਵਾਬ।
“ਹਟ ਕੇ ਬੈਠੀਂ ਮਿਰਜ਼ਿਆ, ਘਰ ਵਿੱਚ ਕਰੀਂ ਸਲਾਹ।
ਅਤੇ ਪਲੰਘ ’ਤੇ ਬਹਿ ਕੇ, ਮੇਰਾ ਹੱਥੀਂ ਕਾਜ ਸੰਵਾਰ।
ਭੱਲ ਕੇ ਆਉਣਗੇ ਭੱਟੀ ਸੰਦਲ ਬਾਰ ਦੇ, ਸਾਹਿਬ ਸੰਡੇ ਬਾਰ”। 12 ।

ਮੇਰਾ ਜਾਣ ਜ਼ਰੂਰ ਦਾ, ਪਿੱਛੇ ਭਾਈ ਚਾਰ।
ਅੱਛੀ ਕਰਨ ਆਪਣੇ ਨੱਕ ਨੂੰ, ਨਹੀਂ ਖਰਲਾਂ ਨੂੰ ਆਊ ਹਾਰ।
ਮੇਰਾ ਜਾਣਾ ਜ਼ਰੂਰ ਦਾ, ਜਾਂਦੇ ਨੂੰ ਹੋੜ ਨਾ ਪਾ।
ਕਾਜ-ਵਿਹੂਣਾ ਮੈਂ ਫਿਰਾਂ, ਮੈਨੂੰ ਕੀ ਕਿਸੇ ਦੇ ਕਾਜਾਂ ਨਾਲ। 13 ।

ਚੜ੍ਹਦੇ ਮਿਰਜ਼ੇ ਖਾਨ ਨੂੰ ਮੱਤਾਂ ਦੇਵੇ ਮਾਂ।
ਬੁਰੇ ਸਿਆਲਾਂ ਦੇ ਮਾਮਲੇ, ਬੁਰੀ ਸਿਆਲਾਂ ਦੀ ਰਾਹ।
ਬੁਰੀਆਂ ਸਿਅਲਾਂ ਦੀਆਂ ਔਰਤਾਂ, ਲੈਂਦੀਆਂ ਜਾਦੂ ਪਾ।
ਕੱਢ ਕਲੇਜੇ ਖਾਂਦੀਆਂ, ਮੇਰੇ ਝਾਟੇ ਤੇਲ ਨਾ ਪਾ।
ਰੰਨ ਦੀ ਖ਼ਾਤਿਰ ਚਲਿਆਂ, ਆਵੇਂ ਜਾਨ ਗੰਵਾ।
ਆਖੇ ਮੇਰੇ ਲੱਗ ਜਾ, ਅੱਗੇ ਪੈਰ ਨਾ ਪਾ। 14 ।

ਘਰ ਖੀਵੇ ਦੇ ਕਾਜ ਹੈ, ਲਾਗੀ ਭੇਜਿਆ ਮੇਰੇ ਦਾ।
ਘਰ ਮੇਰੇ ਆਣ ਕੇ ਦੱਸ ਦਿੱਤੀ, ਸਾਹੇ ਦੀ ਪਾ।
ਉਹ ਨਾਨਕੇ ਮੈਂ ਦੋਹਿਤਰਾ, ਜਾਂਦੇ ਨੂੰ ਮੋੜ ਨਾ ਪਾ।
ਪੰਜ ਰੁਪਏ ਇੱਕ ਪੱਤਰਾ, ਮੈਂ ਨਿਉਂਦਾ ਪਾਊਂਗਾ ਜਾ। 15 ।

ਮਿਰਜ਼ੇ ਨੇ ਘੋੜੀ ਸ਼ਿੰਗਾਰ ਲਈ, ਆਸਣ ਬੈਠਾ ਜਾ।
ਚੜ੍ਹਦੇ ਦਾ ਪੱਲਾ ਅਟਕਿਆ, ਛੀਂਕ ਸਾਮ੍ਹਣੇ ਆ।
ਮਿਰਜ਼ਾ ਸਿਆਲਾਂ ਨੂੰ ਚੱਲਿਆ, ਖੇੜੇ ਸੀਸ ਨਿਵਾ। 16 ।

ਕੱਢ ਕਲੇਜਾ ਲੈ ਗਈ, ਖ਼ਾਨ ਖੀਵੇ ਦੀ ਧੀ।
ਗਜ਼ ਗਜ਼ ਲੰਮੀਆਂ ਮੀਂਢੀਆਂ, ਰੰਗ ਜੋ ਗੋਰਾ ਸੀ।
ਜੇ ਦੇਵੇ ਪਿਆਲਾ ਜ਼ਹਿਰ ਦਾ, ਮੈਂ ਮਿਰਜ਼ਾ ਲੈਂਦਾ ਪੀ।
ਜੇ ਮਾਰੇ ਬਰਛੀ ਕੱਸ ਕੇ, ਮਿਰਜ਼ਾ ਕਦੀ ਨਾ ਕਰਦਾ ਸੀ।
ਆਪਣੀ ਮੌਤੇ ਮੈਂ ਮਰਾਂ, ਮੇਰੇ ਨਾਲ ਤੁਹਾਨੂੰ ਕੀ। 17 ।

ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਵੰਝਲ ਦੇਂਦਾ ਮੱਤ।
ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ।
ਹੱਸ ਕੇ ਲਾਉਂਦੀਆਂ ਯਾਰੀਆਂ, ਰੋ ਕੇ ਦਿੰਦੀਆਂ ਦੱਸ।
ਜਿਸ ਘਰ ਲਾਈ ਦੋਸਤੀ, ਮੂਲ ਨਾ ਘੱਤੇਂ ਲੱਤ।
ਲੱਥੀ ਹੱਥ ਨਾ ਆਂਵਦੀ, ਦਾਨਸ਼ਮੰਦਾਂ ਦੀ ਪੱਤ।
ਸਾਹਿਬਾਂ ਆਈਂ ਨਾ ਛੱਡ ਕੇ, ਸਿਰ ਨਾ ਰਹੂ ਸਾਡੀ ਪੱਤ। 18 ।

ਰਾਜਾ ਝੂਰੇ ਰਾਜ ਨੂੰ, ਬੁਧਿ ਨੂੰ ਝੂਰੇ ਚੋਰ।
ਗੋਰੀ ਝੂਰੇ ਰੂਪ ਨੂੰ, ਪੈਰਾਂ ਝੂਰੇ ਮੋਰ। 19 ।

ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਮਾਂ ਮੱਤ ਦੇਂਦੀ ਖੜੀ।
ਸੱਪਾਂ ਸ਼ੇਰਾਂ ਦੀ ਦੋਸਤੀ, ਨਾ ਕਰ ਭਾਈ ਅੜੀ।
ਤਪੀ ਕੜਾਹੀ ਤੇਲ ਦੀ, ਸਿਰ ਪਰ ਲਾਟ ਜਲੀ।
ਮੂਸਾ ਭੱਜਿਆ ਮੌਤ ਤੋਂ, ਅੱਗੇ ਮੌਤ ਖੜੀ।
ਪਰਬਤ ਵੜਦੇ ਟਕਰੇ, ਲੰਘਣ ਕਿਹੜੀ ਗਲੀ।
ਰੋਂਦੀ ਬੀਬੀ ਫ਼ਾਤਿਮਾ, ਕਰ ਕੇ ਬਾਂਹ ਖੜੀ।
ਮੈਂ ਕੀ ਰੱਬਾ ਤੇਰਾ ਫੇੜਿਆ, ਮੇਰੀ ਜੋੜੀ ਖ਼ਾਕ ਰਲੀ।
ਅੱਜ ਦਾ ਵਾਰ ਬਚਾ ਲੈ, ਭਲਕੇ ਸਿਆਲੀਂ ਜਾ ਵੜੀਂ। 20 ।

ਵਿਆਹੀ ਹੋਵੇ ਛੱਡ ਦੇਵਾਂ, ਮੰਗ ਨਾ ਛੱਡੀ ਜਾ।
ਜੇ ਕਰ ਮੰਗ ਮੈਂ ਛੱਡ ਦੇਵਾਂ, ਲੱਗੇ ਖਰਲਾਂ ਨੂੰ ਲਾਜ।
ਪੁੱਤ ਮਿਰਜ਼ਾ ਨੂੰਹ ਸਾਹਿਬਾਂ, ਸਾਡੀ ਟੁਰਨੀ ਜੱਗ ਵਿਚ ਵਾਰ। 21 ।

ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਮਾਂ ਮੱਤ ਦੇਂਦੀ ਖੜੀ।
ਯਾਰਾਂ ਚੋਰਾਂ ਵਿੱਚ ਬੈਠ ਕੇ, ਗੱਲ ਨਾ ਕਰੀ ਖਰੀ।
ਅੱਜ ਦਾ ਵਾਰ ਬਚਾਅ ਲੈ, ਭਲਕੇ ਸਿਆਲੀਂ ਜਾ ਵੜੀਂ। 22 ।

ਅੱਗੋਂ ਮਿਰਜ਼ਾ ਬੋਲਿਆ, “ਦੇਵਾਂ ਸੱਚ ਸੁਣਾ।
ਘਰ ਵੰਝਲ ਦੇ ਜੰਮਿਆਂ, ਦਿੱਤੀ ਕੁਲ ਸੰਵਾਰ।
ਸੱਦਿਆ ਸਾਹਿਬਾਂ ਸਿਆਲ, ਕੀਕਰ ਦੇਵਾਂ ਜਵਾਬ।
ਜੀਉਂਦਾ ਰਿਹਾ ਤਾਂ ਆ ਮਿਲਾਂ, ਮੱਤ ਛੋਡੀਓਂ ਆਸ”। 23 ।

ਮਿਰਜ਼ਾ ਸਿਆਲਾਂ ਨੂੰ ਟੁਰ ਪਿਆ, ਚੱਲਿਆ ਹੋ ਅਸਵਾਰ।
ਮਿਰਜ਼ਾ ਪੁੱਛੇ ਪੀਲੂ ਸ਼ਾਇਰ ਨੂੰ, ਦੱਸੀਂ ਸ਼ਗਨ ਵਿਚਾਰ। 24 ।

ਪੀਲੂ ਬੈਠਾ ਖੂਹ ਤੇ, ਕਰਕੇ ਲੱਖ ਤਦਬੀਰ।
ਕਾਂਵਣ ਬੱਧਾ ਤੱਕਲਾ, ਤੱਕਲੇ ਬੱਧਾ ਤੀਰ।
ਲੱਠ ਪਠਾਣਾ ਮੇਲਿਆ, ਕਰੜੇ ਘੱਤ ਜ਼ੰਜੀਰ।
ਕੰਮੀਆਂ ਮੁੰਢ ਧਤੂਰੀਆਂ, ਜਿਵੇਂ ਬਾਦਸ਼ਾਹ ਮੁੱਢ ਵਜ਼ੀਰ।
ਕੁੱਤਾ ਹੱਟ ਹੱਟ ਕਰ ਰਿਹਾ, ਜਿਵੇਂ ਦਰ ਵਿੱਚ ਖੜਾ ਫ਼ਕੀਰ।
ਟਿੰਡਾਂ ਗੇੜਮ ਗੇੜੀਆਂ, ਭਰ ਭਰ ਡੋਲ੍ਹਣ ਨੀਰ। 25 ।

ਅੱਗੋਂ ਮਿਰਜ਼ਾ ਬੋਲਿਆ, ਤੈਨੂੰ ਦਿਆਂ ਸੁਣਾ।
ਤੇਰੀਆਂ ਗੱਡਾਂ ਝੂਠੀਆਂ, ਇੱਕ ਵੀ ਮੰਨਦਾ ਨਾਂਹ।
ਇੰਨੇ ਖੜਕੇ ਵਾਲੇ ਆਦਮੀ, ਕਬਰੀਂ ਜਾ ਪਏ।
ਜੇ ਭਲੀ ਚਾਹੁਨੈ ਜ਼ਿੰਦਗੀ, ਅਗਾਹਾਂ ਪੈਰ ਨਾ ਦੇਇ। 26 ।

“ਰਸਤੇ ਪੈ ਜਾਓ ਰਾਹੀਓ! ਡੰਡੀ ਪੈਰ ਨਾ ਘੱਤ।
ਜਿਸ ਦਿਨ ਸਾਹਾ ਸਾਧਿਆ, ਲਾਗੀ ਦੇਂਦੇ ਖੱਤ।
ਘਰ ਮਿਰਜ਼ੇ ਦੇ ਆ ਕੇ, ਪਾਉਂਦੇ ਸਾਹੇ ਦੀ ਦੱਸ।
ਪੰਜ ਰੁਪਏ ਇੱਕ ਪਤੀਆ, ਨਾ ਵੱਧ ਜਾ ਨਾ ਘੱਟ। 27।

ਤੁਹਾਡੇ ਬਾਰ ਘੋੜੀਆਂ, ਮੇਰੀ ਬੱਕੀ ਦਾ ਪਤਲਾ ਲੱਕ।
ਆ ਲਓ ਰੁਪਇਆ ਸਲਾਮੀ ਦਾ, ਤੁਹਾਨੂੰ ਅੱਗੇ ਨਾ ਆਈ ਮੱਤ।
ਸੁੰਮ ਬੱਕੀ ਦੇ ਖੜਕਦੇ, ਜਿਉਂ ਲੋਹੇ ਪੈਣ ਧਿਗਾਣ।
ਦੁਮ ਬੱਕੀ ਦੀ ਇੰਜ ਫਿਰੇ, ਜਿਉਂ ਚੌਰੀ ਕਰੇ ਗ਼ੁਲਾਮ। 28 ।

ਮੂੰਹ ਨਾਲ ਲਾਹੇ ਪਗੜੀਆਂ, ਫੱਟ ਕੇ ਸੁੱਟੇ ਅੰਜਾਣ।
ਬੱਕੀ ਲਾਹੀਆਂ ਪਗੜੀਆਂ, ਵੇਖੀ ਨਾ ਕਿਸੇ ਦੀ ਲਾਜ।
ਨਾਈ ਮੇਰਾ ਮਾਰਿਆ, ਸ਼ਰਬਤ ਦਿੱਤਾ ਡੋਲ੍ਹ,
ਪੁੱਛ ਨਾ ਪੈਂਦੇ ਮਾਮਲੇ, ਨੇਹੁੰ ਨਾ ਲੱਗਦੇ ਜ਼ੋਰ। 29 ।

ਗੱਲਾਂ ਕਰਨ ਸੁਖਾਲੀਆਂ, ਔਖੇ ਪਾਲਣੇ ਬੋਲ।
ਮਿਰਜ਼ਾ ਸਿਆਲਾਂ ਮੁੱਢ ਆ ਗਿਆ, ਰੰਨ ਸਾਹਿਬਾਂ ਦਾ ਚੋਰ।
ਹੋਰਾਂ ਦੇ ਹੱਥੀਂ ਬਰਛੀਆਂ, ਮਿਰਜ਼ੇ ਦੀ ਸਬਜ਼ ਕਮਾਨ।
ਦਹਿਨੇ ਕੰਨੀਂ ਆਉਂਦਾ ਮੇਰਾ, ਮਿਰਜ਼ਾ ਸ਼ੇਰ ਜਵਾਨ। 30 ।

ਮਿਰਜ਼ਾ ਘਰ ਬੀਬੋ ਦੇ ਆ ਗਿਆ, ਚਰਖਾ ਦੇਂਦਾ ਠਹਿਰਾ।
“ਜੇ ਤੂੰ ਮਾਸੀ ਧਰਮ ਦੀ, ਸਾਹਿਬਾਂ ਨੂੰ ਲਿਆ ਮਿਲਾ।” 31 ।

ਘਰ ਤੋਂ ਬੀਬੋ ਟੁਰ ਪਈ, ਮੁਹਰਾਂ ਲੈ ਕੇ ਚਾਰ।
ਉੱਠੀ ਸਾਹਿਬਾਂ ਸੁੱਤੀਏ, ਉੱਠ ਕੇ ਦੇਈ ਦੀਦਾਰ। 32।

“ਚੀਰੇ ਵਾਲਾ ਛੋਕਰਾ, ਬੀਬੋ ਅੰਦਰ ਕੌਣ ਖੜਾ”
‘ਮਿਰਜ਼ਾ ਫੁੱਲ ਗੁਲਾਬ ਦਾ, ਮੇਰੀ ਝੋਲੀ ਟੁੱਅ ਪਿਆ।’
ਨਾ ਫੜ ਬਾਹੀਆਂ ਘੁੱਟ ਕੇ, ਵੰਗਾਂ ਜਾਂਦੀਆਂ ਟੁੱਟ।
ਕੱਲ ਚੀਰ ਚੜ੍ਹਾਈਆਂ, ਪਹਿਨ ਨਾ ਵੇਖੀਆਂ ਰੱਜ। 33 ।

ਭੀੜੀ ਗਲੀ ਕੁਠੀਆਂ, ਘਰ ਮੂਰਖ ਧੂਲੀ ਗੱਡ।
ਖ਼ਬਰ ਹੋਵੇ ਖ਼ਾਨ ਸ਼ਮੀਰ ਨੂੰ ਲਹੂ ਪੀਵੇਗਾ ਰੱਜ।
ਲੈ ਚਲ ਦਾਨਾਬਾਦ ਨੂੰ, ਜੋ ਸਿਰ ਹੈਗੀ ਪੱਗ।
ਤੈਨੂੰ ਮਾਰ ਗਵਾਉਣਗੇ ਤੂੰ, ਰੱਖ ਖਰਲਾਂ ਦੀ ਲੱਜ। 34 ।

ਅੱਗੋਂ ਮਿਰਜ਼ਾ ਬੋਲਿਆ, ਤੂੰ ਸੁਣ ਜਾਮ ਲੁਹਾਰ।
“ਕੀ ਸੁੱਤਾ ਕੀ ਜਾਗਦਾ, ਕੀ ਗਿਆ ਪਵਾਰ।
ਮਜ਼ੂਰੀ ਲੈ ਲਈ ਆਪਣੀ ਕਿੱਲੀਆਂ ਦੇਈਂ ਹਜ਼ਾਰ।
ਜੇ ਤੂੰ ਭਾਈ ਧਰਮ ਦਾ, ਸਾਹਿਬਾਂ ਟੋਰੀਂ ਨਾਲ।” 35।

ਮਿਰਜ਼ੇ ਕਿੱਲੀਆਂ ਗੱਡੀਆਂ, ਪੰਜੇ ਪੀਰ ਮਨਾ।
ਪੌੜੀ ਪੌੜੀ ਜੱਟ ਚੜ੍ਹ ਗਿਆ, ਉੱਪਰ ਚੜ੍ਹਿਆ ਜਾ।
ਉੱਪਰੋਂ ਸਾਹਿਬਾਂ ਉੱਤਰੀ, ਪੈ ਗਈ ਛਣਕਾਰ।
ਸਾਲੂ ਦਾ ਪੱਲਾ ਅਟਕਿਆ, ਰਤਾ ਕੁ ਬੱਕੀ ਨੂੰ ਫੇਰ।
ਅੱਗੇ ਘਰ ਸਾਹਿਬਾਂ ਬਾਪ ਦਾ, ਲਾ ਦਿਉਂ ਸਲਾਊਂ ਦਾ ਢੇਰ।

ਚੜ੍ਹੀ ਰਹਿ ਬੱਕੀ ਦੀ ਬੇਲ ਤੇ, ਸੁੱਖ ਮਿਰਜ਼ੇ ਦੀ ਲੋੜ। 36 ।

ਮਾੜੀ ਤੇਰੀ ਟੈਰਕੀ, ਮਿਰਜ਼ਿਆ! ਲਿਆਇਆ ਕਿਧਰੋਂ ਟੋਰ।
ਸੁੱਕਾ ਇਹਦਾ ਚੌਖਟਾ, ਕਾਵਾਂ ਖਾਧੀ ਕੰਗਰੋੜ।
ਜੇ ਘਰ ਨਾ ਸੀ ਤੇਰੇ ਬਾਪ ਦੇ, ਮੰਗ ਲਿਆਉਂਦੇ ਹੋਰ।
ਘੋੜੇ ਖੀਵੇ ਖ਼ਾਨ ਦੇ ਬੜੇ ਮੁਰਾਤਿਬ ਖੋਰ।
ਭੱਜਿਆਂ ਨੂੰ ਜਾਣ ਨਾ ਦੇਣਗੇ, ਉੱਧਲ ਗਈਆਂ ਦੇ ਚੋਰ।
ਵਿੱਚ ਉਜਾੜ ਦੇ ਮਾਰ ਕੇ, ਤੇਰੀ ਸੁੱਟਣ ਧੌਣ ਮਰੋੜ। 37 ।

ਕੰਨ ਲੰਮੇ ਖੁਰ ਪਤਲੇ, ਦੁੰਮ ਬੱਕੀ ਦੀ ਸਿਆਹ।
ਦੇਖ ਕੇ ਮੇਰੀ ਟੈਰ ਨੂੰ, ਝੋਰੇ ਚਿਤ ਨਾ ਪਾ।
ਬਾਈ ਡੋਗਰ ਜਿਨ੍ਹਾਂ ਦੇ ਬਹਿਣ ਪੁਆਂਦੀ ਆ।
ਬਾਪ ਦੇ ਖੱਤਿਆਂ ਚਾਰ ਕੇ, ਬੱਕੀ ਨੂੰ ਲਇਆ ਬਣਾ। 38।

ਦਸ ਮਹੀਆਂ ਦਾ ਘਿਉ ਦਿੱਤਾ, ਬੱਕੀ ਦੇ ਢਿੱਡ ਪਾ।
ਬੱਕੀ ਤੋਂ ਡਰਨ ਫ਼ਰਿਸ਼ਤੇ, ਮੈਥੋਂ ਡਰੇ ਖ਼ੁਦਾ।
ਚੁੱਭੇ ਵਿੱਚ ਪਤਾਲ, ਉੱਡ ਕੇ ਚੜ੍ਹੇ ਅਕਾਸ਼।
ਚੜ੍ਹਨਾ ਆਪਣੇ ਸ਼ੌਕ ਨੂੰ, ਬੱਕੀ ਨੂੰ ਲਾਜ ਨਾ ਲਾ। 39 ।

ਬੂਹੇ ਤੇ ਟੰਮਕ ਵੱਜਿਆ, ਸਾਹਿਬਾਂ ਘੱਤੇ ਤੇਲ।
ਅੰਦਰ ਬੈਠੇ ਨਾਨਕੇ, ਬੂਹੇ ਬੈਠਾ ਮੇਲ।
ਥਾਲੀ ਬਟੂਵਾ ਰਹਿ ਗਿਆ, ਕੁੱਪੇ ਅਤਰ ਫੁਲੇਲ।
ਗਹਿਣੇ ਸਣੇ ਪਟਾਰੀਆਂ, ਝਾਂਜਰ ਸਣੇ ਹਮੇਲ। 40 ।

ਫੀਰੋਜ਼ ਡੋਗਰ ਕੂਕਿਆ, ਸੁਣੀਂ ਖ਼ਾਨ ਖ਼ੀਵੇ ਮੇਰੀ ਬਾਤ।
ਸਾਹਿਬਾਂ ਨੂੰ ਮਿਰਜ਼ਾ ਲੈ ਗਿਆ, ਰੋਂਦੀ ਸੰਡੇ ਦੀ ਬਾਰ।
ਲਾ ਗਿਆ ਲਾਜ ਸਿਆਲਾਂ ਨੂੰ, ਗਿਆ ਸੀ ਦਾਗ਼ ਲਗਾ।
ਘੋੜੇ ਪਾਓ ਪਾਖਰਾਂ, ਪੈਦਲ ਹੋ ਜਾਓ ਅਸਵਾਰ।
ਰਸਤੇ ਪਵੋ ਪੈਦਲੋਂ, ਮੁੱਛ ਮੱਲੋ ਅਸਵਾਰ।
ਸ਼ਾਵਾ ਮਿਰਜ਼ਾ ਮਾਰਨਾ, ਕਰਕੇ ਕੌਲ ਕਰਾਰ। 41 ।

ਇਸ਼ਕ ਲਿਤਾੜੇ ਆਦਮੀ, ਬਰਫ਼ ਲਿਤਾੜੇ ਰੁੱਖ।
ਨੀਂਦ ਨਾ ਆਉਂਦੀ ਚੋਰ ਨੂੰ, ਆਸ਼ਿਕ ਨਾ ਲੱਗੇ ਭੁੱਖ।
ਸਾਹਿਬਾਂ ਮਿਰਜ਼ੇ ਦੀ ਦੋਸਤੀ, ਜੱਗ ਨਾ ਰਹਿਣੀ ਲੁੱਕ। 42 ।

ਲੈ ਚਲ ਦਾਨਾਬਾਦ ਨੂੰ, ਜਾਨ ਲੁਕਾਵੇ ਮੁੱਖ।
ਜੰਡ ਦੇ ਹੇਠ ਜੱਟਾ! ਸੌਂ ਰਹਿਓਂ, ਉਠ, ਸੁਰਤ ਸੰਭਾਲ।
'ਬੱਕੀ' ਤੈਨੂੰ ਛੱਡ ਕੇ ਉੱਠ ਗਈ, ਜਿਸ ਦੇ ਉੱਤੇ ਬੜਾ ਇਤਬਾਰ।
ਨਾਰਦ ਛੱਡ ਕੇ ਉੱਠ ਗਿਆ, ਤੇਰਾ ਮੁੱਢ-ਕਦੀਮਾਂ ਦਾ ਯਾਰ।
ਮਾਰਨ ਸਾਹਿਬਾਂ ਨੂੰ ਆ ਗਿਆ, ਜੋਂਦ੍ਹਾ ਕਰਦਾ ਨਾ ਸੀ ਇਤਬਾਰ। 43 ।

ਮੇਰੇ ਉੱਪਰ ਨਾ ਕੋਈ ਦੀਹਦਾ ਸੂਰਮਾ, ਜਿਹੜਾ ਮੇਰੇ ਪੁਰ ਵਾਰ ਕਰੇ।
ਮਾਰ ਕੋਹਾਂ ਤੇਰੇ ਜਿੰਨੇ ਨੇ ਪਾਸ, ਤੇਰੇ ਵੀਰ ਖੜੇ!
ਝਟ ਕੁ ਝੂਟਾ ਜੰਡ ਹੇਠ ਲੈਣ ਦੇ, ਮੁੜ ਜਿਹੜੀ ਰੱਬ ਕਰੇ।
ਅੱਜ ਦੀ ਘੜੀ ਸੌਂ ਲੈਣ ਦੇ, ਦੂਜੀ ਘੜੀ ਵੜਾਂ ਦਾਨਾਬਾਦ। 44 ।

ਜੰਡ ਦੇ ਹੇਠਾਂ ਜੱਟਾ ਸੌਂ ਰਹਿਓਂ ਲਾਲ ਦੁਸ਼ਾਲਾ ਤਾਣ।
ਵਹੀ ਚਲਾਈਆਂ ਕਾਨੀਆਂ, ਮੌਤ ਨਾ ਦੇਂਦੀ ਜਾਣ।
ਮੱਥੇ ਵਿੱਚ ਕਲਜੋਗਣਾਂ, ਫ਼ਤਹਿ ਨਾ ਦਿੱਤੀ ਹੋਣ।
ਲਿਕੀਆਂ ਡਾਢੇ ਰੱਬ ਦੀਆਂ, ਮੇਟਣ ਵਾਲਾ ਕੌਣ। 45 ।

ਉੱਠੀਂ ਮਿਰਜ਼ਿਆ ਸੁੱਤਿਆ, ਖੱਬੇ ਆਏ ਅਸਵਾਰ।
ਹੱਥੀਂ ਤੇਗ਼ਾਂ ਰੰਗਲੀਆਂ, ਕਰਦੇ ਮਾਰੋ ਮਾਰ।
ਮੇਰੇ ਬਾਬਲ ਵਰਗੀਆਂ ਘੋੜੀਆਂ, ਵੀਰ ਮੇਰੇ ਅਸਵਾਰ।
ਕੀ ਢੂੰਡਾਊ ਅਸਾਂ ਦੇ, ਕੀ ਕੋਈ ਮੀਰ-ਸ਼ਿਕਾਰ?
ਜੰਡ ਦੇ ਜੰਡੂਰਿਆ! ਤੂੰ ਹੀ ਕਰੀਂ ਨਿਆਉਂ।
ਹੋਵੇਂ ਦੂਣਾ ਫਲੇਂ ਚੌਗੁਣਾ, ਤੇਰੀ ਮਹਿੰਦੀ ਮਾਣੇ ਛਾਉਂ। 46 ।

ਮੁੱਠੀਆਂ ਭਰ ਜਗਾਉਂਦੀ ਯਾਰ ਨੂੰ, ਜਾਗੀਏ ਰੱਬ ਦੇ ਨਾਂ।
ਧੁਰ ਨਾ ਅਪੜੀ ਰੰਨ ਸਾਹਿਬਾਂ, ਮੇਰੀ ਵਿਚਾਲਿਓਂ ਟੁੱਟੀ ਲਾਂ।
ਜੇ ਨਾ ਸੀ ਤੋੜ ਨਿਭਾਉਣੀ, ਤੇਰੀ ਕਾਹਨੂੰ ਪਕੜੀ ਬਾਂਹ।
ਬਚਾਅ ਕਰੇਂਦੇ ਆਸ਼ਿਕਾ, ਨਾ ਅੱਗੇ ਮਿਲਣਾ ਤੈਨੂੰ ਥਾਂ। 47 ।

ਅਰਸ਼ੋਂ ਉਤਰੇ ਛੇ ਜਣੇ, ਛੀਏ ਭੈਣ ਭਰਾ।
‘ਦੁਲਦਲ’ ਲਈ ਸ਼ਾਹ ਅਲੀ ਨੇ, ਪਾਈ ਕਾਅਬੇ ਦੀ ਰਾਹ।
ਇਕ ਲਿਆ ਗੁੱਗੇ ਚੌਹਾਨ ਨੇ, ਬਾਗੜਾਂ ਦਿੱਤੀਆਂ ਢਾਹ।
ਨੀਲਾ ਲਿਆ ਰਾਜੇ ਰਸਾਲੂ ਨੇ, ਰਾਣੀਆਂ ਲਈ ਛੁਡਾ । 48 ।

ਗਰਾੜ ਜੈਮਲ ਫੱਤੇ ਸੌਦਲ, ਬੇਟੀ ਨਾ ਦਿੱਤੀ ਵਿਆਹ।
‘ਲੱਖੀ’ ਲੈ ਲਈ ਦੁੱਲੇ ਜਵਾਨ ਨੇ, ਮਾਰੇ ਅਕਬਰ ਦੀ ਰਾਹ।
‘ਕੱਕੀ’ ਘਰ ਸੁਲਤਾਨ ਦੇ, ਚਾਰੇ ਕੂੰਟਾਂ ਲਈਆਂ ਨਿਵਾ।
ਸਭਨਾਂ ਤੋਂ ਛੋਟੀ ਹੈ ‘ਬੱਕੀ’, ਚੱਲ ਕੇ ਆਈ ਮਿਰਜ਼ੇ ਦੇ ਪਾਸ। 49 ।

ਮੂੰਹ ਕਢਿਆਲਾ ਜੱਟ ਨੇ ਦੇ ਲਿਆ, ਪੰਜੇ ਪੀਰ ਮਨਾ।
ਛਿੱਕ ਕੇ ਤੰਗ ਕੱਸਿਆ, ਲਏ ਨੇ ਸ਼ਗਨ ਮਨਾ।
ਸਿਰ ਸਿਆਲਾਂ ਦੇ ਵੱਢ ਕੇ, ਦੇਵਾਂ ਜੰਡ ਚੜ੍ਹਾ।
ਬੱਕੀ ਬੇਲ ਪਰ ਬਹਿ ਕੇ, ‘ਬੱਕੀ’ ਨੂੰ ਲਾਜ ਨਾ ਲਾ। 50 ।

ਸ਼ੇਰ ਵ ਕਲਿਆਰ ਭੌਂਕਦੇ, ਵੇਖ ਜਿਨ੍ਹਾਂ ਦੀ ਧੂੰ।
ਜਿਉਂ ਮੱਕਾ ਲੱਭਾ ਹਾਜੀਆਂ, ਮੈਨੂੰ ਲੱਭਾ ਤੂੰ।
ਸ਼ਹਿਰ ਸ਼ਿਆਲਾਂ ਦੇ ਆ ਲੱਗੇ, ਜਿਉਂ ਫੱਟਾਂ ਉੱਤੇ ਲੂਣ।
ਤੇਗ਼ਾਂ ਮਾਰ ਉਡਾਉਣਗੇ, ਜਿਉਂ ਪੇਂਜਾ ਪਿੰਜਦਾ ਰੂੰ। 51 ।

ਮਿਰਜ਼ਾ ਆਖੇ ਕੋਈ ਨਾ ਦੀਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
ਕਟਕ ਭਿੜਾ ਦਿਆਂ ਟੱਕਰੀਂ, ਮੈਥੋਂ ਭੀ ਰਾਠ ਡਰੇ।
ਵਲ ਵਲ ਵੱਢ ਦੇਊਂ ਸੂਰਮੇ, ਜਿਉਂ ਖੇਤੀ ਨੂੰ ਪੈਣ ਗੜ੍ਹੇ।
ਸਿਰ ਸਿਆਲਾਂ ਦੇ ਵੱਢ ਕੇ, ਸੁੱਟਾਂਗਾ ਵਿੱਚ ਰੜ੍ਹੇ। 52 ।

ਇਹ ਥਾਂ ਵਕਤ ਢਲਦਾ, ਜਿਉਂ ਸੁਬਹ ਸੇ ਹੋਇ ਸ਼ਾਮ।
ਧਰਤੀ ਤਾਂਬਾ ਹੋ ਗਈ, ਸਿਆਹੀ ਫੜੀ ਅਸਮਾਨ।
ਘਰ ਬਿਗਾਨੇ ਮਾਰ ਕੇ, ਸੌਂ ਰਿਹਾ ਵਿੱਚ ਮੈਦਾਨ।
ਤੇਰੇ ਸਿਰ ਸਾਂਗਾਂ ਵਜਦੀਆਂ, ਜਿਉਂ ਲੋਹੇ ਪੜੇ ਧੰਗਾਨ।
ਚੰਧੜ ਢੁਕੇ ਜੰਨ ਬਣ ਕੇ, ਮਾਰੇ ਤੈਨੂੰ ਬਾਝ ਨਾ ਜਾਣ।
ਛੇੜ ਬੱਕੀ ਚੱਲੀਏ ਦਾਨਾਬਾਦ, ਕਿਉਂ ਪਿਐ ਵਿੱਚ ਮੈਦਾਨ?

ਮੇਰੇ ਮਿਰਜ਼ੇ ਦੇ ਹੱਥੋਂ ਪਈਆਂ ਭਾਜੜਾ, ਅੰਬਰ ਕੋਈ ਨਾ ਪੈਂਦੀ ਠੱਲ।
ਰਾਣੀ ਮਹਿਲੀ ਤ੍ਰਿੰਞਣੀ, ਟੁਰ ਪਈ ਮਿਰਜ਼ੇ ਦੀ ਗੱਲ। 53 ।

ਮੈਂ ਬੈਠਾਂ ਵਿੱਚ ਕਚਹਿਰੀਆਂ, ਰਾਜੇ ਹੁੰਦੇ ਮੇਰੀ ਵੱਲ।
ਮਾਰਾਂ ਰਾਹ ਲਾਹੌਰ ਦਾ, ਸ਼ਹਿਰੀਂ ਘੱਤਾਂ ਹਲਚਲ।
ਚਾਰ ਕੂੰਨਾਂ ਲੁਟ ਲਈਆਂ, ਸਾਂਗਾਂ ਨਾਲ ਉੱਥਲ।
ਮਰਨਾ ਤੇ ਜੱਗ ਛੱਡਣਾ, ਮੇਰੀ ਜੱਗ ਵਿੱਚ ਰਹਿ ਜਾਇ ਗੱਲ। 54 ।

ਚੰਧੜ ਸਿਆਲ ਚੜ੍ਹ ਪਏ, ਰਾਹੀਂ ਘੱਤ ਵਹੀਰ।
ਫੌਜਾਂ ਘੇਰਾ ਘੱਤਿਆ, ਕਰਕੇ ਬੜੀ ਤਦਬੀਰ।
ਕੜ ਕੜ ਚਲਣ ਗੋਲੀਆਂ, ਮਿਰਜ਼ੇ ਨੂੰ ਪੈਂਦੇ ਬਹੁਤੇ ਤੀਰ।
ਉਹ ਸੁੱਤਾ ਨਹੀਂ ਜਾਗਦਾ, ਕਾਇਮ ਨਹੀਂ ਹੁੰਦਾ ਸਰੀਰ। 55 ।

ਵੇਖ ਜੰਡੂਰੇ ਦੀ ਛੱਤਰੀ, ਸਿਰ ਪਰ ਬੋਲੇ ਕਾਂ।
ਟਾਂਗੂ ਵੱਜੇ ਮਲਕੁਲ ਮੌਤ ਦੇ, ਕਿਤੇ ਨਹੀਂ ਦੇਂਦੇ ਜਾਣ।
ਚੰਧੜ ਸਿਆਲ ਮਾਰਨਗੇ ਗੁੜੇ ਸੂਰਮੇ ਜਵਾਨ।
ਉਠੀਂ ਵੇ ਮਿਰਜ਼ਿਆ ਸੁੱਤਿਆ, ਕਿਉਂ ਪਿਆ ਬੜੇ ਗੁਮਾਨ?
ਘੋੜੀ ਆਉਂਦੀ ਵੀਰ ਸ਼ਮੀਰ ਦੀ, ਆਉਂਦੀ ਹੀ ਬੜੇ ਤਾਣ।
ਸੁੱਤਾ ਏਂ ਤੂੰ ਉੱਠ ਖੜ, ਜੇ ਰੱਬ ਰੱਖੇ ਸਿਦਕ ਈਮਾਨ। 56 ।

ਮਿਰਜ਼ੇ ਆਉਂਦਾ ਵੇਖਿਆ, ਸਾਹਿਬਾਂ ਦਾ ਵੀਰ ਸ਼ਮੀਰ।
ਤੇ ਮਿਰਜ਼ੇ ਨੇ ਗੋਸ਼ੇ ਵਿੱਚੋਂ ਕੱਢਿਆ, ਕਰੜੇ ਨੁੱਕੇ ਦਾ ਤੀਰ।
ਕਰ ਬਿਸਮਿੱਲਾਹ ਮਾਰਿਆ, ਭੌਂਦਾ ਵਾਂਗ ਭੰਬੀਰ।
ਘੋੜੀ ਉੱਤੋਂ ਲਾਹ ਲਿਆ, ਸਾਹਿਬਾਂ ਦਾ ਵੀਰ ਸ਼ਮੀਰ। 57 ।

ਅੱਗੋਂ ਸਾਹਿਬਾਂ ਬੋਲਦੀ, ਮੰਨ ਮਿਰਜ਼ਿਆ! ਮੇਰੀ ਸਲਾਹ।
ਛੇੜ ਬੱਕੀ ਨੂੰ ਤੂੰ ਰਾਹ ਖਰਲਾਂ ਦੇ, ਲੈ ਚੱਲ ਦਾਨਾਬਾਦ।
ਸਿਆਲਾਂ ਦੀਆਂ ਘੋੜੀਆਂ ਆਦਮ-ਖਾਣੀਆਂ, ਨਿੱਤ ਰੋਕ ਲੈਂਦੀਆਂ ਰਾਹ।
ਜੇ ਤੂੰ ਮਿਰਜ਼ਾ ਸੂਰਮਾ! ਮੇਰੀ ਸਾਹਿਬਾਂ ਦੀ ਓੜ ਨਿਭਾਹ। 58 ।

ਮਿਰਜ਼ੇ ਵਿੱਚ ਬੜਾ ਗੁਮਾਨ ਸੀ, ਫਿਰ ਸੌਂ ਗਿਆ ਜੰਡੂਰੇ ਦੇ ਪਾਸ।

ਮੈਂ ਵਲ ਵਲ ਵੱਢ ਦਿਆਂਗਾ ਸੂਰਮੇਂ, ਦੇਊਂ ਪੂਰ ਖਪਾ।
ਮੈਨੂੰ ਝੱਟ ਕੁ ਠੌਂਕਾ ਲਾ ਲੈਣਾ ਦੇ, ਸੁੱਤੇ ਨੂੰ ਨਾ ਜਗਾ।
ਦਿਨ ਚੜ੍ਹਦੇ ਨੂੰ ਚਲਾਂਗੇ, ਤੈਨੂੰ ਲੈ ਚਲਾਂ ਦਾਨਾਬਾਦ। 59 ।

ਹੋਣੀ ਮਿਰਜ਼ੇ ਤੇ ਕੁੱਦ ਪਈ, ਰਲੀ ਸਿਆਲਾਂ ਦੇ ਨਾਲ।
ਛੁੱਟੀ ਕਾਨੀ ਗ਼ਜ਼ਬ ਦੀ, ਲੈ ਗਈ ਮਿਰਜ਼ੇ ਨੂੰ ਨਾਲ।
ਰੂਹ ਮਿਰਜ਼ੇ ਦੀ ਨਿਕਲ ਗਈ, ਲੱਗੀ ਜੰਡੂਰੇ ਨਾਲ।
ਮੰਦਾ ਕੀਤਾ ਸਾਹਿਬਾਂ ਤੂੰ, ਰਲ ਗਈਆਂ ਸਿਆਲਾਂ ਦੇ ਨਾਲ। 60 ।

ਕਾਨੀ ਘੜੀ ਕੱਮਗਰਾਂ, ਫਲ ਕਿਸੇ ਉਸਤਾਕਾਰ।
ਧੋਖੇ ਮਾਰੀ ਮੇਰੀ ਸਾਹਿਬਾਂ, ਨਾ ਆਰ ਨਾ ਪਾਰ।
ਖਿੱਚ ਕੇ ਕੱਢੀ ਮਿਰਜ਼ੇ ਜਵਾਨ ਨੇ, ਕਰ ਗਈ ਮਿਰਜ਼ੇ ਨੂੰ ਪਾਰ। 61 ।

ਅੱਗੋਂ ਸਾਹਿਬਾਂ ਬੋਲਦੀ, ਮਿਰਜ਼ਿਆ! ਮੰਨ ਮੇਰੀ ਅਰਜ਼ਾ।
ਹੋਣੀ ਵਰਤੀ ਪੈਗੰਬਰਾਂ, ਹੋਣੀ ਮਿਰਜ਼ੇ ਤੇ ਗਈ ਆ।
ਬੇਟੇ ਸ਼ਾਹ ਅਲੀ ਦੇ, ਹਸਨ ਹੁਸੈਨ ਭਰਾ।
ਲੜਦੇ ਨਾਲ ਯਜ਼ੀਦੀਆਂ, ਦਿੱਤੇ ਪੂਰ ਖਪਾ।
ਦਰ ਵਿੱਚ ਰੋਦੀ ਬੀਬੀ ਫ਼ਾਤਿਮਾ, ਮੁੜ ਕੇ ਨਾ ਆਏ ਮੇਰੇ ਪਾਹ।
ਮਿਰਜ਼ਿਆ! ਐਡ ਪੈਗੰਬਰ ਮਰ ਗਏ, ਤੂੰ ਕਿਹਦਾ ਪਾਣੀਹਾਰ?
ਇੱਕ ਅਰਜ਼ ਮੇਰੀ ਮੰਨ ਲੈ, ਮੈਨੂੰ ਸਾਹਿਬਾਂ, ਲੈ ਚੱਲ ਨਾਲ। 62 ।

ਮੰਦਾ ਕੀਤਾ ਸੁਣ ਸਾਹਿਬਾਂ, ਮੇਰਾ ਤਰਕਸ਼ ਟੰਗਿਆ ਜੰਡ।
ਤਿੰਨ ਸੌ ਕਾਨੀ ਮਿਰਜ਼ੇ ਜਵਾਨ ਦੀ, ਦੇਂਦਾ ਸਿਆਲਾਂ ਨੂੰ ਵੰਡ।
ਪਹਿਲੀ ਮਾਰਦਾ ਵੀਰ ਸ਼ਮੀਰ ਦੇ, ਦੂਜੀ ਕੁੱਲੇ ਦੇ ਤੰਗ।
ਤੀਜੀ ਮਾਰਾਂ ਜੋੜ ਕੇ, ਜਿਹਦੀ ਹੈਂ ਤੂੰ ਮੰਗ।
ਸਿਰ ਤੋਂ ਮੁੰਡਾਸਾ ਉੱਡ ਗਿਆ, ਗਲ ਵਿੱਚ ਪਈ ਝੰਡ।
ਬਾਝ ਭਰਾਵਾਂ ਜੱਟ ਮਾਰਿਆ, ਕੋਈ ਨਾ ਮਿਰਜ਼ੇ ਦੇ ਸੰਗ। 63 ।

ਪੀਲੂ ਪੁਛੇ ਸ਼ਾਇਰ ਨੂੰ, ਕੈ ਵੱਲ ਗਿਆ ਜਹਾਨ।
ਬਹਿ ਬਹਿ ਗਈਆਂ ਮਜਲਿਸਾਂ, ਲੱਗ ਲੱਗ ਗਏ ਦੀਵਾਨ।
ਮਿਰਜ਼ਾ ਮਾਰਿਆ ਮਲਕੁਲ ਮੌਤ ਦਾ, ਕੁਝ ਮਾਰਿਆ ਉਹਨੂੰ ਗੁਮਾਨ।

ਵਿੱਚ ਕਬਰਾਂ ਦੇ ਖੱਪ ਗਿਆ, ਮਿਰਜ਼ਾ ਸੋਹਣਾ ਜਵਾਨ।
ਇਹ ਕਿੱਸਾ ਮਿਰਜ਼ਾ ਸਾਹਿਬਾਂ ਦਾ ਜੋੜਿਆ।
ਪੀਲੂ ਸ਼ਾਇਰ ਨੇ, ਜਿਹਨੂੰ ਜਾਣੇ ਕੁਲ ਜਹਾਨ। 64 ।

*****

ਮਿਰਜ਼ਾ ਸਾਹਿਬਾਂ ਕ੍ਰਿਤ ਹਾਫ਼ਿਜ ਬਰਖ਼ੁਰਦਾਰ

ਓੜਕ ਹੋਸੀ ਓਹੋ ਕੁਝ, ਜੋ ਭਾਵੀ ਕਰਤਾਰ
ਓਹ ਕਲਮ ਵੁੜੀ ਕਿਸ ਫੇਰਨੀ, ਜੋ ਲਿਖੀ ਆਪ ਜੱਬਾਰ।
ਬੰਨ੍ਹ ਦੇਸਨ ਤਦਬੀਰ ਨੂੰ, ਜਾਂ ਚਸ਼ਮਾਂ ਹੋਸਨ ਚਾਰ।
ਨੈਂ ਵੰਜ ਨਾ ਨਾਉਕਾ ਵੰਜਨ ਗੁਜ਼ਰ ਦੁਬਾਰ।
ਉਥੇ ਡਿਠਾ ਪਾਸ ਖਲੋਤਿਆਂ ਹਾਫਜ਼ ਬਰਖ਼ੁਰਦਾਰ।
ਜੀ ਇਸ਼ਕ ਭਲੇਰਾ ਪਾਤਣੀ, ਕਿਸੇ ਨਾ ਚਾੜ੍ਹੇ ਪਾਰ।
ਭਰ ਭਰ ਬੇੜੇ ਡੋਬਦਾ ਅੱਧਘੜੀ ਵਿਚਘਾਰ।
ਰੱਬਾ! ਰੱਖੀਂ ਇਸ਼ਕ ਮਜਾਜ਼ੀਓਂ, ਖੂਨੀ ਘੱਤਣ ਮਾਰ। 1 ।

ਸੱਸੀ, ਬਾਈ, ਬੋਬਨਾ ਸਣੇ ਜਲਾਲੀ ਚਾਰ।
ਜ਼ਾਲਮ ਇਸ਼ਕ ਕੀ ਵੱਟਿਆ, ਸੋਹਣੀ, ਹੀਰ ਨੂੰ ਮਾਰ।
ਜੋ ਸਿਰ ਮਿਰਜ਼ੇ ਵਰਤਿਆ ਸੁਣਿਆ ਕੁਲ ਸੰਸਾਰ।
ਸਾਹਿਬਾਂ ਨੇ ਮਿਲਿਆ ਖਾਰੇ ਲਾਹਨੇ ਗਲ ਪਟਕਾਰ।
ਵਤ ਤੇਗਾਂ ਤੀਰਾਂ ਹਥਿਆਰਾਂ ਦਾਜ ਦਿਤਾ ਪਰਵਾਰ।
ਇਸ ਇਸ਼ਕ ਦੀਆਂ ਭਲਿਆਈਆਂ ਰੋਵਣ ਹਾਈਂ ਮਾਰ।
ਹਾਫਜ਼ ਦਾਦ ਜੁਲੈਖਾਂ ਦੀ ਇਸ਼ਕ ਨੂੰ ਜਿਉ ਜਾਨੀ ਮਿਲੇ ਦੁਬਾਰ।
ਓਹਦਾ ਕਿਸਾ ਵਿਚ ਕੁਰਾਨ ਦੇ, ਲੋਕ ਪੜ੍ਹਦੇ ਨਾਲ ਪਿਆਰ।
ਵਤ ਇਸ ਇਸ਼ਕ ਗ਼ੁਲਾਮ ਕਰ ਯੂਸਫ਼ ਆਣ ਬਜ਼ਾਰ।
ਵਸ ਦਿਲਾਂ ਦੇ ਘੱਤਿਆ ਚੰਦੋਂ ਮਿਲੇ ਹਜ਼ਾਰ।
ਰੰਨਾਂ ਲਿਆਈਆਂ ਸੂਤਰ ਅੱਟੀਆਂ, ਬੁਢੀਆਂ ਤੇ ਮੁਟਿਆਰ।
ਲਿਖਿਆ ਜੋ ਕੁਛ ਆਹਾ ਮਾਲੁ ਜ਼ਰ, ਸੋ ਪਾਇਆ ਬਾਜ਼ਾਰ।
ਵਤ ਘਰੋਂ ਕਜਲੀ ਘੱਤਕੇ ਯਾ ਕੂਬ ਨੂੰ ਸੁਨ ਬਾਜ਼ਾਰ।
ਇਸ ਇਸ਼ਕੇ ਚਾ ਵਿਕਾਯਾ, ਗੱਲ ਰਹੀ ਸਾਰੇ ਸੰਸਾਰ।
ਓਹ ਨਾਲ ਨਬੀਆਂ ਦੇ ਮੇਅਜਜ਼ੇ ਬੇੜੇ ਲੰਘਣ ਪਾਰ।
ਪਰ ਲਿਖ ਨਾ ਸਕਾਂ ਹਾਫਜ਼ਾ, ਕੀ ਕੁਝ ਕਰਾਂ ਪੁਕਾਰ।
ਹਾਫਜ਼ ਨਾਹੀ ਕੰਮ ਮਿਜਾ ਦਾ, ਜੋ ਕੀਤਾ ਇਸ ਨਾਰ।
ਓਹ ਕਰਨੇ ਵਾਲਾ ਹੋਰ ਹੈ, ਤੂੰ ਐਵੇਂ ਘਤ ਨਾ ਮਾਰ। 2 ।

ਇਸ਼ਕ ਵਹੇ ਚਾ ਚੰਦਲੀਂ, ਹੋਰ ਨਦੀਆਂ ਨੀਰ ਵਗੰਨ।
ਮੈਂ ਚੰਦਲ ਦੀ ਬਾਲਕੀ, ਗੁੜ੍ਹਤੀ ਇਸ਼ਕ ਪੀਵੰਨ।
ਘਰ ਖੀਵੇ ਦੇ ਜੰਮੀ ਸਾਹਿਬਾਂ, ਜਿਸ ਦੀ ਹੂਰਾਂ ਰਸ਼ਕ ਕਰੰਨ।
ਅਤੇ ਪਰੀਆਂ ਵੇਖ ਲੁੜ ਜਾਂਦੀਆਂ, ਕੈ ਨਾਰੀ ਫਖਰ ਕਰੰਨ।
ਸਾਹਿਬਾਂ ਰੰਗ ਮਜੀਠ ਦਾ, ਜਿਉਂ ਜਿਉਂ ਧਰਤ ਰੰਗੰਨ।
ਓਹਦੀ ਛਾਤੀ ਦੇ ਦੋ ਵਾਲੀਆਂ ਦੋ ਬੱਤਕਾਂ ਚੋਗ ਚੁਗੰਨ।
ਉਸ ਦਾ ਕੱਦ ਸਕੀਮ ਤਨ, ਵਿਚ ਤ੍ਰਿੱਕਲ ਵੱਟ ਪਵੰਨ।
ਅਤੇ ਨੱਕ ਕੁੰਡੀ ਦਾ ਪਿਪਲਾ, ਜ਼ੁਲਫ਼ਾਂ ਨਾਲ ਪਲਮੰਨ।
ਬਾਰ ਜੰਗਲ ਦੇ ਪੌਣ ਅਗਲੀ, ਜਿਥੇ ਪਦਮ ਨਾ ਵੰਜਨ।
ਝਾੜੀਂ ਬੀਜੇ ਅੰਬ ਜੋ, ਜੰਡੋਂ ਅੰਬ ਕਰੰਨ।
ਉਹ ਦੀਆਂ ਸੁਰਖ ਲਬਾਂ ਦੰਦ ਉਜਲੇ, ਜਿਉਂ ਮੋਤੀ ਲਾਲ ਭਖੰਨ।
ਜਾਂ ਗੱਲ ਕਰੇਂਦੀ ਹੱਸ ਕੇ, ਮੁਖਹੁੰ ਫੁਲ ਝੜੰਨ।
ਸਾਹਿਬਾਂ ਦੇ ਤ੍ਰਿਖੇ ਨੈਣ ਕਟਾਰੀਆਂ, ਦੁੱਸਰ ਘਾਉ ਕਰੰਨ।
ਜਿਉ ਤੇਜ਼ੀ ਸੂਰਜ ਸਾਹਮਣੇ, ਲਾਟਾਂ ਨੈਮ ਮਚੰਨ।
ਓਹ ਫਾਰਗ ਸੁਰਮੇ ਕੱਜਲੋਂ, ਐਮੇ ਖੂਨ ਕਰੰਨ।
ਜਾਂ ਜ਼ਹਰ ਚੜੀਵੇ ਜ਼ਹਰ ਤੇ, ਆਸ਼ਕ ਕਿਵੇਂ ਜੀਵੰਨ।
ਓਹਦੇ ਪੱਟ ਚੰਦਨ ਦੀਆਂ ਗੋਲੀਆਂ, ਚੰਗੇ ਮੁਸ਼ਕ ਛਡੰਨ।
ਉਸ ਦੀ ਧੁੰਨੀ ਤੁੰਗ ਸ਼ਰਾਬ ਦੀ, ਆਸ਼ਕ ਘੁਟ ਪੀਵੰਨ।
ਉਸ ਦੇ ਸੀਨੇ ਤੇ ਦੋ ਡੱਬੀਆਂ ਆਸ਼ਕ ਮਸਤ ਕਰੰਨ।
ਉਪਰ ਭੋਛਨ ਕਾਢਵਾਂ ਵਿਚ ਤਿਲੀਅਰ ਚੋਗ ਚੁਗੰਨ। 3 ।

ਸਾਕੀ ਆਮ੍ਹੋ ਸਾਮ੍ਹਣੇ ਮੱਥੇ ਤੇ ਖਰਲ ਕਦੀਮ।
ਤਵੰਗਰ ਸਾਕ ਤਵੰਗਰਾਂ, ਸਕੀਮ ਸਾਕ ਸਕੀਮ।
ਸਾਹਿਬਾਂ ਹਾਜਤ ਨਹੀਂ ਸ਼ਿੰਗਾਰ ਦੀ, ਲਖ ਸ਼ੀਂਗਾਰ ਕਰੰਨ।
ਪਰ ਆਸ਼ਕ ਮਿਸਲ ਪਤੰਗ ਦੇ ਜਲ ਕੇ ਖਾਕ ਥੀਵੰਨ। 4 ।

ਕਲਮਾ ਲਿਖਣ ਵਾਲਿਆਂ, ਸੁਣ ਕਲਮੇ ਦੀ ਗੱਲ।
ਕਲਮਯੋਂ ਅਗੇ ਇਸ਼ਕ, ਮਾਰਫਤ ਜੀਹਦੀ ਹੈ ਵਲ।
ਮਨਸੂਰ ਨੂੰ ਸੂਲੀ ਚਾੜ੍ਹਿਆ ਸ਼ੱਮਸ ਦੀ ਲਾਹੀ ਖੱਲ।
ਮਿਰਜ਼ਾ ਤੇ ਮੈਂ ਦੋਵੇਂ, ਵਿਚ ਕਰਤੇ ਤੈਂ ਠੱਲ।
ਜਦ ਬੁੱਤਾਂ ਦੀਆਂ ਵੰਡੀਆਂ ਢੇਰੀਆਂ, ਮੈਂ ਮਿਰਜ਼ਾ ਬੈਠੀਂ ਸਾਂ ਮੱਲ।

ਪਰ ਇਸ਼ਕ ਕਹਰ ਨੇ ਮੱਲਿਆ, ਸੀਨਾ ਦਿਤਾ ਸੱਲ। 5 ।

ਮਿਰਜ਼ਾ ਰਿਹਾ ਸੀ ਨੱਢੜਾ, ਮੋਯਾ ਪਿਆ ਯਤੀਮ।
ਪੜ੍ਹੀ ਜਾ ਵੰਜੀ ਨਾਨਕੇ, ਲੋਹੜਾ ਅਕਲ ਫਹੀਮ।
ਮਿਰਜ਼ੇ ਦੀ ਨੀਲੀ ਕਟਕ ਨੀ, ਜ੍ਹੀਦਾ ਖਾਂਦੇ ਖ਼ੌਫ਼ ਗਨੀਮ।
ਜਾਂ ਪਾਂਵ ਉਠਾਵੇ ਨਾਲ ਤੇ, ਧਰਤੀ ਸੁੱਟੇ ਕਰ ਦੋ ਨੀਮ।
ਜਿਸ ਦਿਨ ਮਿਰਜ਼ਾ ਜੰਮਿਆ, ਪੀਹੜੇ ਉਤੇ ਬਾਲ।
ਗੱਲਾਂ ਕਰੇ ਨਾਲ ਇਸ਼ਕ ਦੇ, ਕਰੇ ਜਵਾਬ ਸਵਾਲ।
ਮੈਂ ਕੰਮ ਪਵੇ ਜੇ ਤੁਧ ਨਾਲ ਕਿਥੋਂ ਲੱਭਾ ਭਾਲ।
ਜਿਥੇ ਲੇਲਾ ਮਜਨੂ ਦੀ ਗੁਜ਼ਰੀ, ਉਥੇ ਕੀਤੀ ਜਾਲ।
ਸ਼ੀਰੀਂ ਤੇ ਫਰਹਾਦ ਕੋਲ, ਘਣੇ ਲੰਘਾਏ ਸਾਲ।
ਹੁਣ ਘੱਤ ਝਨਾਉਂ ਝੈਂਪੜੀ, ਖੀਵੇ ਝੰਗ ਸਿਆਲ। 6 ।

ਜਿਸ ਦਿਨ ਮਿਰਜ਼ਾ ਜੰਮਿਆ ਚੰਦੋਂ ਚੌਧਵੀਂ ਰਾਤ।
ਗੁੜ੍ਹਤੀ ਮਿਲੀਆ ਇਸ਼ਕ ਦੀ, ਨਾਲ ਖੰਡੂ ਭਰ ਵਾਤ।
ਉਸ ਨੇੜੇ ਹੋਇਕੇ ਕੂਕਿਆ, ਦਿਤੀ ਬਾਂਗ ਸਲਵਾਤ।
ਮਿਰਜ਼ਾ ਤਾਲਬ ਹੋਵੇ ਇਸ਼ਕ ਦਾ, ਇਸ਼ਕ ਅੱਲ੍ਹਾ ਦੀ ਜ਼ਾਤ। 7 ।

ਓਹ ਰਾਹੇ ਊਪਰ ਸਾਹਿਬਾਂ, ਮਿਰਜ਼ਾ ਕਰੇ ਸਲੀਮ।
ਇਸ਼ਕ ਦੋਹਾਂ ਤਨ ਰਚਿਆ, ਜਿਵੇਂ ਰਚੇ ਹੱਡਾਂ ਵਿਚ ਫੀਮ।
ਜਾਂ ਮਿਰਜ਼ਾ ਸੀ ਨੰਢੜਾ ਖਾਨ ਦੀ ਸੁਰਤ ਨਾ ਕਾਇ।
ਓਹ ਰਹਿੰਦਾ ਸਦਾ ਛਹਯਾ, ਘਰ ਨਨਿਹਾਲੀਂ ਆਇ।
ਜਾਂ ਭਾਰ ਪਇਆ ਦੇਸ ਦਾ ਕੌਣ ਆਵੇ ਕਉਣ ਜਾਇ।
ਪਰ ਹਾਫਜ਼ ਨੱਢੜਾ ਮਾਂ ਦਾ, ਬੋਲਿਆ ਦਿਲ ਤੇ ਦੇਖਣ ਜਾਇ।
ਓਹ ਦੇਖਦੀ ਫੜ ਫੜ ਉਭਰੀ, ਬਿਰਹੋਂ ਭਾਹ ਬਲਾਇ।
ਤੇ ਮੇਟੇ ਕੌਣ ਕਲਾਮ ਨੂੰ ਜਾਂ ਲਿਖੀ ਆਪ ਖਦਾਇ। 8 ।

ਮਿਰਜ਼ੇ ਦੇ ਦੋ ਨਦੀਆਂ ਵਿਚ ਪਾਤਣੀ ਰਾਹੀ ਕੁਲ ਚਲੀ।
ਇਸ ਨੂੰ ਲਿਖ ਲਿਖ ਭੇਜਮ ਬਾਦਲੀ, ਏਹ ਨਾ ਹੀ ਗੱਲ ਭਲੀ।
ਮਿਰਜ਼ੇ ਨੂੰ ਜ਼ੋਰ ਧਿਗਾਨੇ ਵਾ ਦਾ ਮਤੀ ਦੇਸ਼ ਖਲੀ।
ਬੱਚਾ! ਜਿਤ ਵਲ ਝੁਲੇ ਬਾਦਲੀ, ਟੁਰ ਨਾ ਓਸ ਗਲੀ।

ਮਿਰਜ਼ਾ ਚਾ ਵਾਗਾਂ ਉਠ ਚਲਿਆ ਨੀਲੀ ਕਹੇ ਰਾਤ ਢਲੀ।
ਜਿਉਂ ਜਲਹੇੜੇ ਸੁਲਤਾਨ ਦੇ ਪੌਣ ਪਾਣੀ ਥੋਂ ਵਗ ਚਲੀ।
ਅੱਗੇ ਰਾਹ ਉਤੇ ਸੀ ਸਾਹਿਬਾਂ, ਤ੍ਰਿੰਜਣ ਵਿਚ ਖਲੀ।
ਜਿਉਂ ਹੂਰ ਅਗਾਸੋਂ ਉਤਰੇ, ਤੁੰਮਣ ਵਿਚ ਰਲੀ।
ਓਹ ਚਿੱਲੇ ਚੜ੍ਹੇ ਕਮਾਨ ਜਿਉਂ, ਮਾਰਨਹਾਰ ਚਲੀ।
ਪੂਨੀ ਚਾੜ ਕਮਗਰਾਂ, ਰੋਗਨ ਰੰਗ ਰਲੀ।
ਯਾ ਹਾਥੀ ਇਸ਼ਕ ਸੰਧੂਰਿਆ ਕਰਦਾ ਅਲੀ ਅਲੀ।
ਏਹ ਚਾਰੇ ਨੈਣ ਗਡਾਵਡੀ ਖੀਰੀਂ ਖੰਡ ਰਲੀ। 9 ।

ਓਹ ਅਤਣ ਖੇਡੇ ਸਾਹਿਬਾਂ, ਰਖੇ ਖਰਲ ਨਿਗਾਹ।
ਏਹ ਖੂਨੀ ਨੈਣ ਚੋਰ ਨੇ, ਬੰਨ੍ਹਣ ਜਾ ਬਦਰਾਹ।
ਮਿਰਜ਼ੇ ਨੂੰ ਲਗੀ ਚਾਟ ਪਰੇਮ ਦੀ ਉਸ ਵਾਗੀ ਮੰਨ ਗਵਾਹ।
ਹਾਫਜ਼ ਜਿਉਂ ਸ਼ਹੀਦਾਂ ਕਰਬਲਾ, ਆਸ਼ਕਾਂ ਰੰਗ ਦਿਤਾਹ।
ਸਾਹਿਬਾਂ ਅੰਦਰ ਨੈਨਵੀ ਖਰਲ ਜਨਾਨ ਤਰਾ।
ਤੈਨੂੰ ਇਕੇ ਖਲਲ ਦਿਮਾਗ ਦਾ, ਇਕ ਨਫਸ ਕੀਤੋ ਬਦਰਾਹ।
ਵਾਂਗੂ ਚਕਲੇ ਦਸਤ ਦੇ ਖਿਨ ਆਵੇ ਖਿਨ ਜਾਹ।
ਜੋ ਸੌ ਵਾਰੀ ਵੇਖੀਏ ਕਰੇ ਨਾ ਮੈਲਾ ਰਾਹ। 10 ।

ਸੱਪਾਂ, ਸ਼ੀਹਾਂ, ਮੈਹਣਾਂ ਨਾਹੀ ਕੁਛ ਵਿਸਾਹ।
ਜਿਨ ਡਿਠਾ ਮੁਖ ਸਮੀਰ ਦਾ, ਓਨਾ ਮੁਖਹੁੰ ਝੜਨ ਗਿਰਾਹ।
ਸਾਹਿਬਾਂ ਨਾਲ ਹਰੀਫ ਦੇ ਸੁਤੀਆ, ਮਿਰਜ਼ਾ ਮਰਨੋਂ ਬੇਪਰਵਾਹ।
ਨਦੀ ਨਾ ਡਿਠਾ ਬੇੜੀਆਂ, ਵਾਂਗ ਸਹੇਲੀ ਬਾਝ ਮਲਾਹ।
ਬੀਬੀ ਦੁਨੀਆਂ ਸੁਪਨਾ ਰੈਣ ਦਾ ਮਰਨ ਹਿਕਾਨੀ ਰਾਹ।
ਪਾਣੀ ਉਪਰ ਬੁਲਬੁਲਾ, ਵਿਚ ਵਜੂਦ ਦੇ ਸਾਹ।
ਉਹ ਲੱਖ ਵਾਰੀ ਵੜ ਨਿਕਲੇ, ਪਰ ਇਵੇਂ ਹੋਸੀ ਰਾਹ।
ਨਿਕਲ ਗਿਆ ਫਿਰ ਨਾ ਵੜੇ, ਦਮ ਦਾ ਨਹੀਂ ਵਿਸਾਹ।
ਪਿਛੇ ਪੈਰ ਨਾ ਰਖੀਏ, ਅਗੇ ਹੋਵੇ ਸੋ ਵਾਹ ਵਾਹੁ।
ਜੇ ਮਰਨੋਂ ਥੀਂ ਡਰ ਰਹੇ ਫੇਰ ਨੀਲੇ ਮੁਖ ਸਿਆਹ। 11 ।

ਮਿਰਜ਼ੇ ਦਾ ਓੜਕ ਡਿਠਾ ਸਾਹਿਬਾਂ, ਪਾਣੀ ਵਾਂਗ ਟਟੋਹ।
ਜੇ ਡਰਦਾ ਹੈ ਮੌਤ ਥੀਂ ਲੜੇ ਨਾ ਹੁੰਦਾ ਰੋਹ।

ਏਹ ਹੈ ਕੁੱਠਾ ਇਸ਼ਕ ਦਾ ਜਿਉਂ ਬਿਜਲੀ ਸਾੜੇ ਜੋਹ।
ਹਾਲ ਮਿਰਜ਼ੇ ਦਾ ਵੇਖ ਕੇ ਸਾਹਿਬਾਂ ਜਿਥੇ ਕਢੇ ਖੋਹ।
ਪੁੰਨੂੰ ਇਸ਼ਕੇ ਛੇੜਿਆ ਹਥੀਂ ਮਿਲੇ ਸਰੋਹ।
ਅਤੇ ਦੌਲਤ ਛੇੜਿਆ ਸੁਖਨੀ ਮਿਰਜ਼ੇ ਦੇ ਲੱਛਣ ਓਹ। 12 ।

ਹਾਫਜ਼ ਇਸ਼ਕ ਆਇਆ ਘਟ ਬੰਨ੍ਹ ਕੇ ਪੋਸ਼ ਕਰੇਂਦਾ ਪੋਸ਼।
ਸਾਹਿਬਾਂ ਘਤ ਪਿਆਲੀ ਇਸ਼ਕ ਦੀ ਹੋਸ਼ੋਂ ਬਣੀਂ ਬਿਹੋਸ਼।
ਸਾਹਿਬਾਂ ਦਾ ਖਾਵਨ ਪੀਵਨ ਮੁਕਿਆ ਪਰ ਬ੍ਰਿਹੋਂ ਦਾ ਜੋਸ਼।
ਜਾਂ ਅਤਣ ਦੱਸਣ ਨੱਢੀਆਂ, ਤਾਂ ਕਢੇ ਜੋਸ਼ ਖਰੋਸ਼।
ਮਿਰਜ਼ਾ ਚਰਚਾ ਕਰਨ ਸੁਵਾਣੀਆਂ ਲਗੇ ਚੰਦ ਨੋ ਕਲੰਕ।
ਜੇ ਉਧਲ ਜਾਣ ਕੁਆਰੀਆਂ ਦੇਹਾਂ ਗੱਲਾਂ ਥੋਂ ਤੰਗ।
ਅਸਾਂ ਉਸਤਿਰਿਆ ਤੋਂ ਸਾਨੂੰ ਹੱਥੋਂ ਚੜਦਾ ਰੰਗ।
ਤੂੰ ਤੋੜ ਨ ਵਧੀਆ ਗੰਦਲਾਂ ਜਾਨ ਸਲਾਮਤ ਮੰਗ।
ਅਤੇ ਕਲਮ ਵੁੜੀ ਕਿਸੇ ਫੇਰਨੀ ਜੋ ਮੁਸ਼ਕ ਵਹੇ ਨਿਸੰਗ।
ਹਾਫਜ਼ ਪਰ ਆਏ ਚਰਾਗ ਤੇ, ਦੇਸੀ ਜਿੰਦ ਪਤੰਗ। 13 ।

ਮਿਰਜ਼ਿਆ ਸ਼ਹਰ ਝਨਾਂਵ ਦੇ ਹਾਕਮ ਹੈਂ ਤੇਰੇ ਵੀਰ।
ਮੇਰੀ ਜ਼ਾਲਮ ਮਤਰੇਰੀ ਮਾਉਂ ਨਾਲ, ਜਿਉਂ ਚੁਗਲ ਕਰੇ ਅਖੀਰ।
ਮੈਂ ਰੋ ਰੋ ਚੀਕਾਂ ਮਾਰਦੀ ਸੇਵਾਂ ਖੁਆਜਾ ਪੀਰ।
ਤਨ ਜਿਉਂ ਚੰਦਨ ਗੇਲੀਆਂ, ਮੈਂ ਚੁਖ ਚੁਖ ਸੱਟਾਂ ਚੀਰ।
ਸਾਹਿਬਾਂ ਲਾਲੀ ਚੜ੍ਹੀ ਪ੍ਰੇਮ ਦੀ ਚੋ ਚੋ ਪੈਂਦੇ ਅੰਗ।
ਏਹ ਜ਼ਹਿਰ ਪਿਆਲਾ ਇਸ਼ਕ ਦਾ, ਭਰ ਭਰ ਪੀ ਨਿਸੰਗ।
ਜੇ ਸਿਰ ਜਾਏ ਤਾਂ ਜਾਣ ਦੇ ਪਰ ਇਸ਼ਕ ਨ ਲਗੇ ਨੰਗ।
ਲਾਜ ਲਗੇ ਤਿਸ ਇਸ਼ਕ ਨੂੰ ਜੇ ਸੜਨੋਂ ਡਰੇ ਪਤੰਗ।
ਤੁਸੀਂ ਦੇਖੋ ਸੰਗ ਪਤੰਗ ਦੀ ਜਲੇ ਨ ਮੇੜੇ ਅੰਗ।
ਇਹੁ ਮੁੜਾ ਕਰਨਾ ਸਹਲ ਹੈ ਪਰ ਕੌਲੋਂ ਪਵੇ ਨ ਭੰਗ। 14 ।
ਮਿਰਜ਼ਿਆ ਮੇਰਾ ਮਾਸ ਜੰਬੂਰੀਂ ਕੱਟੀਏ, ਜੀ ਨਹੀਂ ਮਤ ਪੀਰ।
ਮੇਰੇ ਹਾਲ ਔਤਰੇ ਨਾਲ ਜੋ, ਪਾਸ ਨ ਕਰਦੇ ਸੀਰ।
ਕੋਈ ਸਜਨ ਨਾਹੀ ਸ਼ਹਰ ਵਿਚ, ਦੂਤੀ ਹੋਏ ਢੇਰ।
ਅਤੇ ਰਾਜ ਨਹੀਂ ਵਿਚ ਮੁਗਲਾਂ, ਖੀਵੇ ਕੇ ਸ਼ਹਰ ਅੰਧੇਰ।
ਰਾਵੀ ਬਹੀਂ ਤੂੰ ਜਾਇਕੇ ਵਤ ਹੋਗਾ ਵਸੇਰਾ ਪੀਰ।

ਮੈਂ ਮਿਲੂੰ ਤਰੁਟੇ ਸਾਹਿਬਾਂ ਜਿਉਂ ਬਨੇ ਸੰਗ ਵਹੀਰ।
ਸਾਹਿਬਾਂ ਅਗਨ ਸਾੜੇ ਆਸ਼ਕਾਂ ਕੂਕੇ ਵੇਖ ਨਜ਼ੀਰ।
ਜਾਂ ਚਲੀ ਸੜਨ ਮਹਾਂਸਤੀ, ਦਸਤ ਬੁਹਾਰੇ ਘੀਰ।
ਸਿਕਦੀ ਸੜਨ ਮੁਝ ਥੀਂ ਅਸਾਂ ਡਿਠੀ ਢੂੰਢ ਫਕੀਰ।
ਏਹ ਹੈ ਮੁਰਾਦ ਵਸਾਲ ਦੀ, ਪਰ ਸਮਝੇ ਪਾਕ ਜ਼ਮੀਰ। 15 ।

ਸਾਹਿਬਾਂ ਲਿਖ ਲਿਖ ਚੀਰੀਆਂ ਵਾਚ ਰਹੀ ਮੁਕਾਮ।
ਜਿਉਂ ਭਾਹ ਜਲਾਈ ਆਸ਼ਕਾਂ ਪੰਦ ਨਸੀਹਤ ਖਾਮ।
ਉਹ ਸੁਖੜੇ ਨਾ ਆਵੇ ਸਾਹਿਬਾਂ ਅਤਣ ਬੈਠ ਆਰਾਮ।
ਅਤੇ ਸੂਲ ਹੱਡੀਂ ਤਨ ਅਚਵੀ ਨੈਣੀਂ ਨੀਂਦ ਹਰਾਮ।
ਵਾਰੀ ਮਿਰਜ਼ੇ ਫੁਲੜੀ ਹੋਰ ਸੱਜਨ ਲੱਖ ਕਲਾਮ।
ਓਨਾਂ ਸਤਰੰਜ ਨਾ ਗੰਜਫਾ ਚੌਪੜ ਨਰਦ ਤਮਾਮ।
ਪਰ ਕੱਖੀਂ ਭਾਹ ਛਪਾਈਏ ਤਾਂ ਬਲ ਹੋਂਦੀ ਸ਼ਾਮ।
ਪਰ ਕਹੋ ਹਾਫਜ਼ ਕਿਸ ਫੇਰਨੀ, ਜੋ ਮਸਤਕ ਵੁੜੀ ਕਲਮ। 16 ।

ਹਾਫਜ਼ ਕਬਰੋਂ ਵਹਨ ਪਰਾਹੁਣੇ ਬੈਠਣ ਝੁੰਗੀ ਘੱਤ।
ਮਿਰਜ਼ੇ ਪਿਛੇ ਲਗ ਹੋਤ ਦੇ ਬੈਠ ਸੁਕਾਇਆ ਚਿਤ।
ਪਰ ਥਾਂਈਂ ਆਪੋ ਆਪਣੀ ਸਰਪਰ ਜਾਣਾ ਸਤ।
ਓਹ ਝੁੱਗੀ ਤ੍ਰੋੜ ਸਦਾਇਕੇ ਨਾਠੇ ਬਹੇ ਅਰਨਿਪਟ।
ਮਿਰਜ਼ੇ ਦੇ ਚਲਨ ਸੁਣ ਸੁਣ ਸਾਹਿਬਾਂ ਰੋਂਦੀ ਨੀਰ ਪਲਟ।
ਜੀਵਨ ਨਾ ਦੇਸਨ ਵਿਛੜਨ ਵਾਲੇ ਫਿਰ ਕੀਕਰ ਬੈਸਨ ਝਟ।
ਮਿਰਜ਼ਾ ਕਰ ਵਿਦਾ ਘਰ ਚਲਿਆ, ਮੱਥੇ ਧਰਿਆ ਹੱਥ। 17 ।

ਅਤੇ ਸਾਹਿਬਾਂ ਦੀ ਜਿੰਦ ਨਾ ਨਿਕਲੇ, ਕੀਤੀ ਬ੍ਰਿਹੋਂ ਬੀਮਾਰ।
ਹੰਝੂ ਕੱਜਲ ਭਿੰਨੀਆਂ, ਚਲਨ ਝਲਾਰਾਂ ਹਾਰ।
ਉਹ ਖ਼ਤ ਉਤੇ ਰੁਖਸਾਰੀਆਂ ਦਿਸਨ ਜਦ ਵਲ ਸਾਰ।
ਰਹੀ ਝਨਾਵੇ ਸਾਹਿਬਾਂ ਮਿਰਜ਼ਾ ਰਾਵੀ ਆਇਆ ਥਾਂਇ।
ਪਰ ਕਿਥੋਂ ਕਿਸ ਬੁਝਾਇਆ ਜਾਂ ਅੱਗ ਲਗੀ ਭੜਕਾਇ।
ਸਾਹਿਬਾਂ ਜ਼ਲਫੇ ਲਾਯੋ ਸੋ ਜਾਣਕੇ ਸੀਨੇ ਰੰਚਕ ਲਾਇ। 18 ।

ਓਹ ਨਿਕਲ ਵਜੂਦੋਂ ਗੁਜ਼ਰਿਆ ਬਿਰਹੋਂ ਬਾਣ ਬਲਾਇ।

ਸਾਹਿਬਾਂ ਨੂੰ ਰਹਨ ਨ ਮਿਲਸੀ ਦਾਵ ਤੇ ਬੁਕਲ ਵਿਚ ਦਿਖਾਇ।
ਤੇ ਸਾਡੇ ਬਾਝ ਨਾ ਨਿਕਲੇ, ਇਨ੍ਹਾਂ ਹੋਤਾਂ ਦੀ ਬੁਰੀ ਆ ਜਾਇ।
ਵਤ ਘੱਤ ਜਵਾਇਣ ਕਾਨ੍ਹ ਫਲ, ਵਿਚ ਅਕਰਕਰਾ ਮਿਲਾਇ।
ਵੈਦ ਬਣਾਵੇ ਗੋਲੀਆਂ, ਵਿਚ ਸੌਚਲ ਨਿਮਕ ਰਲਾਇ।
ਨਬਜ਼ ਵੇਲੇ ਘਰ ਇਸ਼ਕ ਦੇ ਵੈਂਦੇ ਖਬਰ ਨ ਕਇ।
ਨੀਮ ਮੁੱਲਾ ਨੀਮ ਤਬੀਬ ਥੀਂ, ਰਖੇ ਸ਼ਰਮ ਖੁਦਾਇ। 19 ।

ਸਾਹਿਬਾਂ, ਸਕਨ, ਹੌਲ, ਫਿਰਾਕ, ਗ਼ਮ ਘਰ ਆ ਬੈਠੇ ਚਾਰ।
ਸਬਰ, ਕਰਾਰ, ਅਰਾਮ, ਸੁਖ, ਹਾਕਮ ਕੱਢੇ ਮਾਰ।
ਮੈਂਡੀ ਕੌਨ ਕਰੇਸੀ ਦਿਲਬਰੀ ਅਤੇ ਕਰਸੀ ਜੋਰਹਾਰ।
ਮੇਰੀ ਖਡਬਰ ਨਾ ਮਿਰਜ਼ੇ ਖਰਲ ਨੂੰ ਮੌਤ ਨਹੀਂ ਪਰਵਾਹ।
ਮੈਂ ਆਪ ਕੁਸਾਂ ਹੋ ਬੱਕਰੀ ਵਤ ਭੁੰਨ ਕਬਾਬ ਹੰਜਾਰ।
ਅਤੇ ਭਰ ਭਰ ਕੇ ਸੁਰਾਹੀਆਂ ਮੈਂ ਥੀਵਾਂ ਪਾਣੀਹਾਰ।
ਹੋਰ ਭੋਜਨ ਚੰਗਾ ਜਿੰਦ ਥੋਂ ਨਾਹੀ ਵਿਚ ਸੰਸਾਰ।
ਸੋ ਆਗੇ ਧਰ ਕੇ ਸੱਜਣਾਂ ਮੈਂ ਪਾਣੀ ਪੀਵਾਂ ਵਾਰ।
ਮੈਂ ਕਰ ਆਪਾਂ ਦੀ ਹਲਜਲੀ ਜੋ ਲਾਗੇ ਖਲੇ ਯਾਰ।
ਮਤ ਦੇਣ ਉਲ੍ਹਾਮਾ ਯਾਰ ਨੂੰ, ਘਤਨ ਭੰਗ ਪਿਆਰ। 20 ।

ਜਿਨ੍ਹਾਂ ਇਸ਼ਕ ਤਨੇ ਵਿਚ ਰਚਿਆ ਘਾਉ ਨ ਦਿਸੇ ਅੰਗ।
ਨੀਂਦਰ ਭੁਖ ਨ ਆਸ਼ਕਾਂ, ਉਹ ਰਹਣ ਨਾ ਮੌਤੋਂ ਸੰਗ।
ਸਾਹਿਬਾਂ ਮਸਤੀ ਚੜ੍ਹੀ ਪ੍ਰੇਮ ਦੀ ਜਿਉਂ ਮਸਤੀ ਚੜ੍ਹਦੀ ਭੰਗ।
ਅਤੇ ਅਕਲ ਨ ਮਿਲਦੀ ਢੂੰਡਿਆਂ ਨਾ ਮਿਲਸੀ ਮੁੱਲ ਨ ਮੰਗ।
ਉਸ ਕੁੰਡੀ ਲਗੇ ਮੱਛ ਜਿਉਂ ਮਿਰਜ਼ਾ ਛੋਡ ਗਿਆ ਉਸ ਟੰਗ।
ਪਰ ਕਿਆ ਪਰਵਾਹ ਚਰਾਗ ਨੂੰ ਜੋ ਦੇਸੀ ਜਿੰਦ ਪਤੰਗ।
ਹੰਝੂ ਵਗਨ ਆਸ਼ਕਾਂ, ਮੋਤੀ ਜਿਉ ਅਨਤੁਲ।
ਰਤੂ ਰੋਵੇ ਸਾਹਿਬਾਂ, ਜਿਉਂ ਝੜਨ ਚਰਾਇਓਂ ਫੁਲ।
ਠਾਠ ਜਿਵੇਂ ਦਰਯਾ ਦੀ ਜਿਥੇ ਪਵੇ ਬਿਰਹੁੰ ਦੀ ਛੱਲ।
ਸਰਪਰ ਡੋਬੇ ਤਾਰੂਆਂ, ਭੁਲਨ ਸਭ ਅਕਲ। 21 ।

ਸਾਹਿਬਾਂ ਦਾ ਸਾਹਾ ਸੁਧਾਇਆ ਮਹਿਣੀਂ, ਆ ਬੈਠਾਰਲ ਪਰਵਾਰ।
ਗੰਢਤਨ ਸਫਰੋਂ ਤੇਰ੍ਹਵੀਂ, ਥੀਵੇ ਮੰਗਲ ਵਾਰ।

ਸਾਹਿਬਾਂ ਦੇ ਤਬ ਮੁਖ ਮੈਂ ਪੈਣ ਜਿਉਂ ਵਿਚ ਹੱਡਾ ਹੂੰ ਕਾਰ।
ਉਸ ਨੂੰ ਚੜਿਆ ਤਪ ਹਨੋਸਿਆ ਐਪਰ ਸਾਹ ਕਹਰ ਕਹਾਰ।
ਪਾਹਿਓਸੂਹੀ ਕਹਿਓ ਸ਼ਹਿਰ ਤੇ ਯਾਂ ਖਾਨ ਤਾਹਰ ਤੇ ਭਾਰ।
ਯਾ ਸਿਕਦੀ ਮਰਨ ਮੁਝ ਥੀ ਯਾਂ ਅੱਲ੍ਹਾ ਵੰਜੇ ਪਰਵਾਰ।
ਮੇਰਿਆ ਵ੍ਹਾਦਾ ਮਿਰਜ਼ੇ ਖਰਲ ਨਾਲ ਸੱਚਾ ਕੌਲ ਕਰਾਰ।
ਅਤੇ ਕੌਲੋਂ ਝੂਠੀ ਜੇ ਭਵਾਂ ਫੇਰ ਕਹਿਣ ਕੂੜਿਆਰ।
ਪਰ ਕਾਤਬ ਲੋਹ ਮਹਿਫੂਜ਼ ਜੇ, ਮਿਲੇ ਜ਼ੁਲੈਖਾ ਹਾਰ।
ਏਹ ਕਲਮ ਵੁੜੀ ਤਕਦੀਰ ਦੀ ਕਿਹੜਾ ਮੇਟਣਹਾਰ। 22 ।

ਸਾਹਿਬਾਂ ਦੀ ਗੰਢੀ ਸਾਕੀਂ ਫਿਰ ਗਈਆਂ, ਫਿਕਰ ਪਿਆ ਸਭ ਕੋਇ।
ਮਿਰਜ਼ੇ ਸੱਦਾ ਸਾਮਨਾ, ਖਤ ਲਿਖਾਇਆ ਰੋਇ—
‘ਅਸੀਂ ਕੌਲ ਜੋ ਕੀਤਾ ਤੁਧ ਨਾਲ, ਉਪਰ ਦਾਰ ਖਲੋਇ।
ਉਹ ਦਿਲ ਥੋਂ ਨਕਸ਼ ਨਾ ਉਤਰੇ ਮੈਂ ਹੰਝੂ ਰਹੀਆਂ ਰੋਇ।
ਪਰ ਵੇਲਾ ਏਹੁ ਮਿਰਜ਼ਿਆ ਪਹੁੰਚ ਜੇ ਪਹੁੰਚਨ ਹੋਇ।
ਵਤ ਕੀ ਹੋਸੀ ਬੈਠਿਆ, ਜੇ ਹਰੀਫ਼ਾਂ ਖੜੀ ਖੋਹ। 23 ।

ਖ਼ਤ ਲਿਖਾਇਆ ਸਾਹਿਬਾਂ, ਘਲਾਇਆ ਮਿਰਜ਼ੇ ਦਾਇ।
ਹਾਫਜ਼ ਬਰਖ਼ੁਰਦਾਰ ਨੇ ਲਿਖਿਆ ਵਿਚ ਸਲਾਮ ਦੁਆਇ।
‘ਮੈਂ ਸਾੜੀ ਛਾਤੀ ਇਸ਼ਕ ਦੀ ਬੱਦਲ ਹੋਇ ਬੁਝਾਇ।
ਮੇਰਾ ਮਰਨਾ ਚੰਗਾ ਤਾਂ ਹੋਇ, ਜੇ ਮਿਰਜ਼ਾ ਮੁਖ ਵਿਖਾਇ।
ਮਿਰਜ਼ਾ ਪੜ੍ਹ ਕੇ ਖ਼ਤ ਮਸ਼ੂਕ ਦਾ ਹੋ ਬੈਠਾ ਹੋਸ਼ਿਆਰ।
ਕੀਤਾ ਸੂ ਹੁਕਮ ਗ਼ੁਲਾਮ ਨੂੰ, ਮੇਰੀ ਨੀਲੀ ਕਰੋ ਤਿਆਰ।
ਆਸ਼ਕਾਂ ਨੂੰ ਖੜੀ ਉਡੀਕਦੀ, ਜ਼ਾਲਮ ਗੋਰ ਹੰਜਾਰ।
ਓਹ ਵੰਞਨ ਮਉਤੇ ਸਾਮ੍ਹਨੇ, ਕੀਸ ਸਵੇਲੇ ਭਾਰ। 24 ।

ਮਿਰਜ਼ਾ ਸਾਇਤ ਵੇਖ ਨ ਚਲਿਆ, ਪੁਛ ਨ ਟੁਰਿਆ ਵਾਰ।
ਅਗੋਂ ਭੈਮ ਮਿਲੀਓ ਸੋ ਸਾਮ੍ਹਣੇ, ਜਦ ਚੜ੍ਹ ਹੋਇਆ ਸਵਾਰ।
ਮਿਰਜ਼ੇ ਨੂੰ ਦੱਸਾਂ ਪਾਈਆਂ ਰਾਹ ਹੋਇਆ ਗੁਬਾਰ।
ਜੀਵੇ ਕੋਹ ਦੇ ਕੋਹ ਥੀਂ, ਸਾਹਿਬਾਂ ਅਗੇ ਹੱਜ ਤਿਆਰ।
ਓਹ ਤਾਂ ਵਾਟੀ ਟਾਹੀ ਅਰਬ ਸੀ, ਵਿਚ ਦੇ ਨੈਣਾਂ ਰੈਬਾਰ।
ਸਾਹਿਬਾਂ ਸਵੇ ਨਾ ਸੇਜੜੀ ਨਿਕਲੀ ਸ਼ਹਰ ਨਾ ਹੋਇਆ ਖਾਰ।

ਹਾਫਜ਼ ਖਰਲ ਸੰਗਚੂਰ ਥਾ ਮਾਰ ਗਿਆ ਇਕ ਰਾਤ।
ਜੋ ਕਾਬੂ ਵੇਖ ਕਸਾਬ ਥੋਂ ਜਿਉਂ ਇੱਲ ਮਰੇਦੀ ਝਾਟ। 25 ।

ਮਾਂ ਦਾ ਮਿਰਜ਼ੇ ਨੂੰ ਮਨ੍ਹਾ ਕਰਨਾ—

ਚੜ੍ਹਦੇ ਮਿਰਜ਼ੇ ਖਾਨ ਨੂੰ ਅੱਗੋਂ ਮਾਦਰ ਦੇਵੇ ਮਤ।
ਜਾਇ ਬਿਗਾਨੀ ਨਾਰ ਨੂੰ ਮੂਰਖ ਪਾਵੇ ਹਥ।
ਲੱਖੀਂ ਹਥ ਨ ਆਂਵਦੀ ਦਾਨਸ਼ਮੰਦਾਂ ਦੀ ਪਤ।
ਮੈਂ ਬੱਕਰਾ ਦੇਸਾਂ ਪੀਰ ਦਾ ਜੇ ਘਰ ਆਵੇ ਮੁੜ ਵਤ। 26 ।

ਸੁੱਤੇ ਸੁਪਨਾ ਵਾਚਿਆ ਸੁਪਨਾ ਬੁਰੀ ਬਲਾਇ।
ਕਾਲੀ ਜੇਹੀ ਇਸਤ੍ਰੀ ਖੁਲ੍ਹੇ ਮੂੰਹ ਥੀਂ ਆਇ।
ਜੁਬਾਰੜੇ ਦਾ ਛੱਡਾ ਢਹਿ ਪਿਆ ਜਿਥੇ ਚੜ ਲਏ ਹਵਾਇ।
ਮੇਰੇ ਥੰਮ ਕੜਕਾ ਮਾਰਿਆ ਪਿਆਰ ਧਰਤੀ ਤੇ ਆਇ। 27 ।

ਕੰਢਾ ਢਾਹ ਡੁਬ ਮੁਇਆ, ਮੰਗੂ ਮੁਗਲਾਂ ਦੀ ਜਾਇ।
ਮੈਂ ਵਾਸਤਾ ਘੱਤਿਆ ਰੱਬ ਦਾ, ਖੀਵੇ ਸ਼ਹਰ ਨਾ ਜਾਇ।
ਜੇ ਮੈਂ ਰਹੀਆਂ ਜੀਂਵਦੀ, ਤੇਰੇ ਕਰਸਾਂ ਲੱਖ ਵਿਆਹ।
ਜਾਮਾ ਤੇਰੀ ਮੱਯਤ ਦਾ, ਆਂਦਾ ਅਜਬ ਰੰਗਾਇ।
ਕੇਸਰ ਰੰਗ ਜੋ ਘੋਲ ਕੇ, ਆਂਦਾ ਈ ਛਿਣਕਾਇ।
ਰੋਂਦੀ ਬੀਬੀ ਫਾਤਮਾ ਜਿਉਂ ਹਸਨ ਹੁਸੈਨ ਕਟਾਇ।
ਜਿਵੇਂ ਸ਼ਹੀਦਾਂ ਨੂੰ ਕਰਬਲਾ, ਤਿਵੇਂ ਸਾਡੇ ਘਰ ਬੈਠਾਇ। 28 ।

ਜਾਹ ਹਵਾਲੇ ਰੱਬ ਦੇ, ਮੱਦਦ ਤੇਰੀ ਹੋਸਨ ਪੀਰ।
ਖਾਧਾ ਤੁਆਮ ਨਾ ਪਚਦਾ, ਠਲ੍ਹਿਆ ਰਹੇ ਨਾ ਨੀਰ।
ਸੇ ਭੈਣਾ ਕਿਵੇਂ ਜੀਂਵਦੀਆਂ, ਵਿਛੜੇ ਜਿਨ੍ਹਾਂ ਦੇ ਵੀਰ।
ਪਰ ਦਰਦੇਸ ਪਕੜ ਕੇ ਛਡ ਗਯੋਂ, ਲਾਇ ਕਲੇਜੇ ਤੀਰ। 29 ।

ਮਿਰਜ਼ੇ ਕਾਸਟ ਟੋਰਿਆ ਉਸ ਚਾਬਕ ਭੁਲਾ ਨਦਾਨ।
ਉਹ ਬੂਹੇ ਵਿਚੋਂ ਕੂਕਿਆ ਜਿਉਂ ਮੰਗਤਾ ਕਰੇ ਕਲਾਨ।
ਕਹਿੰਦਾ ਨਾ ਮਿਰਜ਼ਾ ਜਾਤ ਖਰਲ ਹੈ, ਬਿੰਜਲ ਦਾ ਸੁਲਤਾਨ।

ਸਾਹਿਬਾਂ ਸੁਣਿਆ ਕੰਨੀਂ ਆਪਣੀ, ਵਿਚ ਪਈ ਕਰੰਗ ਦੇ ਜਾਨ। 30 ।

ਚੂਹੇ ਰੰਗੀ ਭੂਸਲੀ, ਆਂਦੀਆਂ ਤਲੀਓਂ ਤੋੜ।
ਜੇ ਘਰ ਨਹੀਂ ਸਾਈ ਆਪਣੇ, ਤਾਂ ਮੰਗ ਲਿਆਨੋਂ ਹੋਰ।
ਬੱਕੀ ਖਾਨ ਖੀਵੇ ਦੇ ਜਾ ਵੜੀ, ਸਾਰੇ ਰਾਤਬ ਖੋਰ।
ਜਾਨ ਨਾ ਦੇਂਦੇ ਭੰਨਿਆਂ ਓਹ ਢਿਲ ਨ ਦੇਂਦੇ ਚੋਰ। 31 ।

ਅੱਖੀਂ ਨਾ ਕਰ ਗਹਰੀਆਂ, ਮੱਥੇ ਤੇ ਵੱਟ ਨਾ ਪਾਇ।
ਮੇਰੀ ਬਰਾ ਖ਼ੁਦਾਇ ਦੀ ਦੋਸਤੀ, ਹੱਸ ਕੇ ਮੁਖ ਵਿਖਾਇ।
ਨੀਲੀ ਵੇਖ ਨਾ ਦੁਬਲੀ, ਜੂਰੇ ਜੀਅ ਨਾ ਤਾਇ।
ਸੈ ਕੋਹਾਂ ਦਾ ਫਾਸਲਾ, ਨੀਲੀ ਦਿਤੀ ਧੂੜ ਧੁਮਾਇ।
ਚਹੁੰ ਦਿਨਾਂ ਦਾ ਕੁੱਠਿਆ ਨੀਲੀ ਛਡਿਆ ਖਾਇ।
ਨੀਲੀ ਦੇ ਮਾਰੇ ਪੰਖਨੂ, ਧਰਤਿ ਚੋਗ ਚੁਗਣ ਨਾ ਆਇ। 32।

ਕੌਣ ਕਿਸੇ ਵਲ ਆਂਵਦਾ ਰਿਜ਼ਕ ਮਿਲਾਵੇ ਟੋਰ।
ਦਾਣਾ ਪਾਣੀ ਕਿਸਮਤੀ, ਕਾਦਰ ਦੇ ਹਥ ਡੋਰ।
ਨੀਲੀ ਵੇਖ ਨਾ ਦੁਬਲੀ, ਨੀਲੀ ਦੀ ਧੁੰਮ ਲਾਹੌਰ।
ਨੀਲੀ ਦੇ ਮਾਰੇ ਪੰਖਨੂੰ ਧਰਤਿ ਨਾ ਚੁਗਦੇ ਮੋਰ।
ਸੁੱਤੀ ਸੁਪਨਾ ਵਾਚਿਆ, ਤੈਨੂੰ ਇਕ ਸੁਣਾਵਾਂ ਗੱਲ।
ਕਲ ਤੇ ਨਾਰਦ ਦੋ ਜਣੇ, ਬੈਠੇ ਹੈਨ ਬਰੂਹਾਂ ਮੱਲ।
ਪਈਆਂ ਸ਼ਾਮ ਕੰਦਲੇ ਨਾ ਰਿਜ਼ੇ ਕੀਤੇ ਨੇ ਬੇਲ।
ਓਹ ਨੂੰ ਕਪੜੇ ਲਾਹਣੇ ਨਾ ਮਿਲੇ ਕੋਈ ਵਰ੍ਹੇ ਫੁਲੇਲ।
ਓਹਦੇ ਗਹਣੇ ਰਹੇ ਪਟਾਰੀਆਂ, ਝਾਜਰ ਸਣੇ ਹਮੇਲ।
ਚੋਰਾਂ ਯਾਰਾਂ ਆਸ਼ਕਾਂ, ਏਹੁ ਦਿਲ ਦਾ ਵੇਹਲ। 33 ।

ਭਾਈਆਂ ਵੇ ਘੜਿਆਲੀਆ, ਕਿਤਨੀ ਕੁ ਰਾਤ ਗਈ।
ਮੇਰੇ ਮੋਤੀ ਮੋਤੀ ਚੁਗ ਲਏ, ਮੁਖ ਥੀਂ ਖੂਨ ਵਹੀ।
ਮੇਰੇ ਡੁਲ੍ਹੇ ਮੋਤੀ ਭੋਂ ਪਏ, ਉਤਰ ਤੇ ਆਬ ਗਈ।
ਲੱਦੇ ਭਾਰ ਮੁਸਾਫਰਾਂ, ਕੀਤਾ ਪੰਧ ਸਹੀ।
ਮੇਰੀ ਨਾਲ ਅਞਾਣਯਾਂ ਦੇ ਦੋਸਤੀ, ਮਾਰੀ ਪੈਰ ਕਹੀ।
ਮੈਂ ਲਾਈ ਆਹੀ ਸ਼ੌਕ ਨੂੰ, ਪਰ ਰੋਂਦਿਆਂ ਜਿੰਦ ਗਈ। 34।

ਬੁਰਾ ਕੀਤੋ ਈ ਸਾਹਿਬਾਂ ਮੇਰਾ ਤਰਕਸ਼ ਛਡਿਯੋਈ ਜੰਡ।
ਮੇਰਾ ਜੀਵਨ ਬਹੁਤ ਮੁਹਾਲ ਹੈ ਪਰ ਤੰ ਵੀ ਹੋਸੀਂ ਰੰਡ।
ਇਕ ਮੰਦਾ ਕੀਤਾ ਸਾਹਿਬਾਂ ਮੇਰੀ ਨੀਲੀ ਛੱਡੀ ਡੰਗ।
ਤ੍ਰੈ ਸੈ ਸੱਠ ਕਾਨੀ ਮੈਂ ਤਰਕਸ਼ੀ ਦੇਵਾਂ ਸਾਲਿਆਂ ਨੋ ਵੰਡ।
ਪਹਿਲੇ ਮਾਰਾਂ ਖਾਨ ਸਮੀਰ ਨੂੰ ਦੂਜੇ ਕੁਲੇ ਦੇ ਤੰਗ।
ਤੀਜੇ ਮਾਰਾਂ ਤਾਹਰ ਖਾਨ ਨੂੰ, ਜਿਹਦੀ ਤੂੰ ਸਾਈ ਮੰਗ।
ਚੌਥੇ ਮਾਰਾਂ ਤੇਰੇ ਬਾਪ ਨੂੰ ਕੁਲ ਮੁਕਾਵਾਂ ਕਲੰਕ।
ਪੰਜਵੇਂ ਮਾਰਾਂ ਖ਼ਾਨ ਅੱਲਾਹ ਦਾਦ ਨੂੰ, ਸੁੱਟਾਂ ਬਿਰਹੋਂ ਦੀ ਪੰਡ। 35 ।

ਸੁਲਤਾਨ ਬੁਲਾਈ ਸੀ ਸਾਹਿਬਾਂ, ਇਹ ਕੀ ਕੀਤਾ ਕਾਰ।
ਦੱਸਣ ਜ਼ਬਾਨੀ ਆਪਣੀ, ਮਰਨੋਂ ਕੀ ਤਕਰਾਰ।
ਸੁਣ ਸੁਲਤਾਨ ਨਾਨਕਾਬਲਾ, ਮੈਂ ਮਿਰਜ਼ੇ ਥੀਂ ਕੁਰਬਾਨ।
ਤੂੰ ਕੀ ਜਾਣੇ ਜਾਹਲਾ, ਏਸ ਇਸ਼ਕ ਦੇ ਬਾਣ।
ਜਿਵੇਂ ਸੰਦੂਕ ਰਸੂਲ ਦਾ, ਦਾਮਨ ਲਾਇਆ ਕਰਵਾਨ।
ਏਹ ਸਿਰ ਮਿਰਜ਼ੇ ਯਾਰ ਦਾ, ਜਿਸ ਨੂੰ ਚਾਹਵੇ ਦੇਵੇ ਦਾਨ। 36 ।

ਵਣ ਪੱਕਾ ਚੜ੍ਹਿਆ ਦੇਖ ਕੇ ਜਿਨ ਪਾਇਆ ਸੀ ਕੁਰਲਾਟ।
ਜਿਨ ਧਰਿਆ ਸੀ ਚਿਤ ਲੂਣ ਤੇ ਘਰੀਂ ਪਕਾਇਆ ਭਾਤ।
ਨੀ ਨਾਈਆਂ ਡੂਮਾਂ ਬ੍ਰਾਹਮਣਾਂ, ਤ੍ਰੈਹਾਂ ਦੇ ਘਰੀਂ ਲਾਤ।
ਡੂੰਮਾਂ ਸਿੱਠਾਂ ਜੋੜੀਆਂ, ਕਥਿਤ ਜੋੜੇ ਸਨ ਭਾਟ।
ਘਰ ਦੇ ਸਨ ਜੋ ਸ਼ਾਗਿਰਦ ਨਾ ਸਾਚਲ ਹੋਏ ਵਾਟ।
ਹਾਫਜ਼ ਟਿਬਾ ਟੋਆ ਢਾਹ ਕਰਦਾ ਇਸ਼ਕ ਸਫਾਤ। 37 ।

ਨੀਲੀ ਨੂੰ ਜੰਮਣ ਭੋਂ ਨਾ ਵਿਸਰੇ, ਚਰਵਾਲੇ ਦਾ ਨਾਹ ਵਿਸਾਹ।
ਪਰ ਮੌਤ ਮਰੇਂਦੀ ਪੰਖੀਆਂ, ਅੱਧ ਅਸਮਾਨੋਂ ਲਾਹ।
ਨੀਲੀ ਤ੍ਰਿਖੀ ਵਹਿੰਦੀ ਪਾਣੀਉਂ, ਪਉਣੋਂ ਤੀਰ ਵਹੰਨ।
ਮੈਦੀ ਥਮ ਵਸਾਈ ਮੁੜ ਸਾਬਰੇ ਅੱਕਾਂ ਦੇ ਘਟ ਮਿਹਨ।
ਸਾਹਿਬਾ ਕਹੇ ਸੁਣ ਕੇ ਭੌਂਕਦੇ ਦੇਖ ਜਹਾਨ ਦਾ ਧੋਣ।
ਤਰਪਾੜ ਪਟੋਲਾ ਪਾੜਿਆ, ਸਰੀਰ ਮਿਲਸੀ ਨਾ ਰੋਣ। 38 ।

ਅਕਸਰ ਜੇਡ ਨਾ ਬਾਦਸ਼ਾਹ, ਕੋ ਜੱਟ ਨਾ ਖੀਵੇ ਖ਼ਾਨ।
ਪਰ ਮੈਥੇ ਟਕਾ ਨੀਲ ਦਾ ਲਾਇਆ ਮੋ ਕਰੇ ਧਿਆਨ।
ਅਤੇ ਘਰ ਘਰ ਮਾਤਮ ਮੇਹਣਾ ਇਕ ਆਵਣ ਇਕ ਜਾਣ।
ਪਰ ਕਿਥੇ ਲਾਈਏ ਥਿਗੜੀ, ਜਾਂ ਪਾਟ ਜਾਵੇ ਅਸਮਾਨ। 39 ।

ਸੂਲੀ ਹੱਡੀਂ ਤਨ ਜਲ ਗਿਆ ਭੁੱਲਾ ਪੀਵਣ ਖਾਣ।
ਯਾਰੋ ਲਗੀ ਅੱਗ ਬੁਝਾਉਣੀ, ਸਾਹਿਬਾਂ ਰਾਵੀ ਮੱਲੀ ਜਾਣ।
ਓਨਾ ਸਜ ਬਣਾਏ ਘੋੜਿਆਂ ਸੱਟ ਪਈ ਜਦ ਆਮ।
ਅਤੇ ਥਮ ਥਮ ਕੱਢੇ ਕਾਜਿਓਂ, ਜਦ ਕਾਠੀ ਘੱਤ ਮੈਦਾਨ। 40 ।

ਵਾਗੀ ਲਗੇ ਰੱਜ ਕੇ ਪਰ ਦਾਹਨ ਸਭ ਸੁਕਾਨ।
ਸਾਂਗਾ ਸਾਣ ਚੜ੍ਹਾਈਆਂ, ਦੇਖ ਸੂਰਜ ਝਰਲਾਨ।
ਅਤੇ ਤੇਗਾਂ ਮਨੋ ਵਿਸਾਰ ਕੇ ਪਾਇਆ ਢਕ ਮਿਆਨ।
ਤੇ ਸੁਨ ਸੁਨ ਤ੍ਰੇਹਾਂ ਦੇ ਕਰਬਰਾਟ, ਉਛਲ ਉਛਲ ਜਾਣ।
ਯਾਰੋ ਚੜਤਲ ਕੀਤੀ ਮਹਣੀਆਂ, ਵਤ ਛੱਡਣ ਨਹੀਂ ਅਸਮਾਨ।
ਪਰਲੈਂ ਦੇ ਕਈ ਖੇਤ ਸਨ ਜੇ ਖਰਲ ਹੋਦਾ ਅਸਾਨ।
ਜਿਵੇਂ ਲਗੀ ਸੀ ਕੈਰੋ ਪਾਂਡਵਾਂ ਹੋਂਦੇ ਤਰਾਂ ਤ੍ਰਾਣ।
ਪਰ ਆਸ਼ਕ ਫਾਨੀ ਹੋਰ ਹਨ, ਇਹ ਇਸ਼ਕ ਭਲੇਰੀ ਬਾਨ।
ਜਿਉਂ ਲੰਕ ਸੜਾਈ ਸੀ ਰਾਮ ਤੋਂ ਦਹਸਿਰ ਸੀਤਾ ਆਣ।
ਮਿਰਜ਼ੇ ਰੋੜੀ ਸਾਥ ਲੁਟਾਇਆ ਰੋਂਦੀ ਜ਼ੋਰ ਤਰਾਨ।
ਓਹੁ ਬੇੜਾ ਆਇਆ ਟਾਂਗ ਤੇ ਖੜਿਆ ਜਾ ਤੂਫਾਨ।
ਕੁਛ ਦੋਸ਼ ਨਾ ਨੀਲੀ ਸਾਹਿਬਾਂ, ਪਰਤ ਮੂੰਹ ਨਾ ਦੇਂਦੀ ਜਾਣ। 41 ।

ਇਕ ਚੱਕੀ ਵਾਲਾ ਰਾਹ ਵਿਚ, ਸਾਹਿਬਾਂ ਨੂੰ ਦੂਰੋਂ ਨਜ਼ਰ ਪਿਆ।
ਉਸ ਦੇਖ ਪਸਿੰਦਾ ਆਦਮੀ, ਨੇੜੇ ਸੱਦ ਲਿਆ।
ਸਾਹਿਬਾਂ ਜਿਸ ਟੁੰਬ ਜਗਾਇਆ ਤਿਸ ਚੌਹਾਂ ਦਾ ਅਕਲ ਗਿਆ।
ਜਿਵੇਂ ਨਾਹੀ ਤੁਰਬ ਕਰੀਰ ਨੂੰ ਮੋਨਾ ਨਾ ਦਿਵਾ।
ਇਕ ਕੋਮ ਉਪਾਈ ਮੇਰੁਵਾ ਜਿਵੇਂ ਜੰਗਲ ਘਾਹ ਦਿਵਾਂ। 42 ।

ਸਾਹਿਬਾਂ ਆਖੇ ਰਾਹ ਪੰਧਾਣੂਆਂ ਵੰਜੋ ਮਹਿਣੀ ਵਾਲ।
ਤੇ ਅਰਜ਼ ਕਰੋ ਸਮੀਰ ਨੂੰ, ਤੂੰ ਪਿਛਾ ਦੇਖ ਸੰਭਾਲ।

ਪਰ ਇਹ ਮੁਝ ਕਾਰਨ ਬੇੜੀਆਂ ਅਗੇ ਫੁਫੀ ਹੀਰ ਸਿਆਲ।
ਜਿਸ ਦਿਤਾ ਦਿਲ ਚਾਕ ਨੂੰ, ਮੈਂ ਲੱਧਾ ਆਪਣਾ ਸਾਲ।
ਅਸੀਂ ਮਹਣੀ ਤੇ ਖਰਲ ਕਦੀਮ ਥੀਂ, ਵੱਡੇ ਸਾਕਾਂ ਨਾਲ।
ਭਾਈ ਬੁਰਾ ਨਹੀਂ ਕੁਛ ਆਖਣਾ, ਜੇ ਖੀਰ ਡੁਲ੍ਹੇ ਵਿਚ ਥਾਲ। 43 ।

ਮਉਲ ਤੇ ਖਰਲ ਵਰਜਿਆ ਸਾਹਿਬਾਂ ਰਹੀ ਘਣੇਰਾ ਹੋੜ।
ਮਿਰਜ਼ਿਆ ਸਾਨੂੰ ਬੰਨੇ ਲਾਇਆ ਰੱਬ ਨੇ, ਤੂੰ ਕੰਢੇ ਚਾੜ੍ਹ ਨਾ ਬੋੜ।
ਸਮੀਰ ਦੀ ਰਾਵੀ ਮੈਂ ਪਾਸ ਨੀ, ਓਦੇ ਮੁਲਕ ਨਾ ਪੈਂਦੇ ਚੋਰ।
ਹਿ ਮੁਝ ਨਾ ਘੱਲਸੇ ਜੀਂਵਦੀ, ਤੁਧ ਨਾ ਦੇਸੀ ਛੋੜ।
ਸਾਹਿਬਾਂ ਦੀਆਂ ਨਸੀਹਤਾਂ, ਹਿਕ ਨਾ ਚੜ੍ਹੀਆਂ ਤੋੜ।
ਉਹ ਮਲਕੁਲ ਮੌਤ ਵੰਗਾਰਿਆ, ਤਾਂ ਮੋੜੇ ਕੌਣ ਹੋਰ। 44 ।

ਉਥੇ ਚੱਕੀ ਵਾਲਾ ਆ ਗਿਆ ਸਾਂਗ ਕਲੇਜੇ ਖਾਇ
ਅਧ ਪਿੱਛੋਂ ਚੱਕੀ ਦੱਬਿਆ, ਉਸ ਕਦਮ ਨਾ ਅੱਗੇ ਪਾਇ।
ਜਾਂ ਅੱਗੋਂ ਰੂਹਾਂ ਉਡੀਆਂ, ਫੌਜਾਂ ਮਿਲੀਓਸੁ ਧਾਇ।
ਤਾਂ ਬਾਤੀ ਖੁਲਾ ਪੁਰਕਾਰਵਾਂ, ਕੂਕਿਆ ਵਾਹੋ ਵਾਹੁ।
ਯਾਰੋ! ਉਸ ਛੋਈ ਅੰਦਰ ਦੋ ਜਣੇ, ਤੁਸੀਂ ਅੱਖੀਂ ਦੇਖੋ ਜਾਇ।
ਹਿੱਕ ਮਿਰਜ਼ਾ ਹਿਕ ਸਾਹਿਬਾਂ, ਜੇ ਕੂੜ ਨਾ ਕਰੇ ਖੁਦਾਇ।
ਓਹ ਚੱਕੀ ਵਾਲਾ ਸੱਦਕੇ, ਅੱਗੇ ਧੱਥ ਲਿਆਇ।
ਜੇ ਮੀਆਂ ਖਰਲ ਮਗਰ ਚੋਰਨਾ, ਤੈਨੂੰ ਕਿਥੇ ਨਜ਼ਰ ਪਿਆਇ। 45 ।

ਜਾ ਵਲਿਆ ਝਾੜਾ ਹੀਰਮਾ ਅਤੇ ਖੇੜਾ ਆਇ ਪਿਆ।
ਮਿਰਜ਼ੇ ਨੂੰ ਚੁਕ ਗਈਆਂ ਮਸਲਤਾਂ, ਜਾਂ ਕਟਕਾਂ ਧਾੜ ਲਿਆ।
ਜਾਂ ਧਰਿਆ ਕਸੇ ਸੋਟੀਆਂ ਜ਼ਹਿਰ ਕਹਰ ਬਲਾ।
ਤਾਂ ਫਾਚੀ ਫਾਥੇ ਸ਼ੇਰ ਜਿਉਂ, ਗੱਲ ਨਾ ਨਿਕਲੇ ਕਾਇ।
ਇਸ਼ਕ ਭਲੇਰਾ ਚੋਰਟਾ, ਫੁਲ ਲਏ ਗਲ ਲਾਹਿ।
ਵਾਂਗ ਕਸਾਈਆਂ ਦੇ ਬੱਕਰੇ, ਲੈਂਦਾ ਖੱਲ ਲੁਹਾਇ।
ਉਹ ਰਾਤ ਜਿਹੜੀ ਵਿਚ ਗੋਰ ਦੇ, ਸਾਕਰ ਕਿਵੇਂ ਨਾ ਆਇ।
ਹਾਫਜ਼ ਚੰਨਣ ਚੀਰ ਨਾ ਜਾਣਦੇ, ਮਿਰਜ਼ਾ ਟੁਕ ਟੁਕ ਕੀਤਾ ਚਾਇ।
ਜਾਂ ਕੰਢੀ ਵੱਢੀ ਬੇੜੀਆਂ, ਕੇਹਾ ਦੋਸ਼ ਮਲਾਹ।
ਮੈਂ ਦੋਸ਼ ਕੀ ਦੇਵਾਂ ਕਿਸੇ ਨੂੰ, ਕੇਹੀ ਇਸ਼ਕ ਦੀ ਰਾਹ। 46 ।

ਹਾਫਜ਼ ਉਨ੍ਹਾਂ ਖਰਲਾਂ ਤੇ ਮੈਹਣਾਂ, ਧੁਰ ਦੇ ਸਾਕ ਕਦੀਮ।
ਮਿਰਜ਼ੇ ਦੇ ਪਿਆਰੇ ਸਨ ਨਾਨਕੇ, ਸੋ ਮੁੜ ਕੇ ਭਏ ਗਨੀਮ।
ਉਨ੍ਹਾਂ ਵੱਢ ਵੱਢ ਜੰਡ ਕਰੀਰ ਦੇ, ਲਾਏ ਢੇਰ ਅਜ਼ੀਮ।
ਜਿਵੇਂ ਕੀਤੇ ਚੁਖ ਨਮਰੂਦ ਆ ਕਾਰਨ ਇਬਰਾਹੀਮ।
ਓਹ ਠੋਕ ਚਕਮਕ ਧਾਰ ਸੋਖਤਨੀ ਅਗਨੀ ਚਾੜ ਕਦੀਮ।
ਸਾੜ ਚਲੇ ਮਿਰਜ਼ੇ ਖਾਨ ਨੂੰ, ਸਰ ਕਰ ਮੁੜੇ ਮੁਹੀਮ। 47 ।

ਪਰ ਉਹ ਨਿਸ਼ਾਨੀ ਹਾਫ਼ਜ਼ਾ ਸਾਹਿਬਾਂ ਦਾ ਕਿਹਾ ਕੁ ਡਿਠੋ ਕਾਜ।
ਉਥੇ ਕੀ ਕੁਛ ਮਿਲਿਆ ਜੰਞ ਨੂੰ, ਮਨਸਲ ਘੋੜੇ ਦਾ ਖਾਜ।
ਓਥੇ ਸਾਕੀ ਦੇਗਾਂ ਪੱਕੀਆਂ, ਤੀਰੀ ਹੋਰ ਅਨਾਜ।
ਅਤੇ ਗ਼ਮ ਅੰਦੋਹ ਫਿਰਾਕ ਹੀ, ਓੜਕ ਥੋਮ ਪਿਆਜ।
ਮਿਰਜ਼ੇ ਨੂੰ ਭਾਹ ਲਗਾਇਆ, ਤੇਗੀਂ ਦਿਤਾ ਦਾਜ।
ਪਰ ਮਾਤਮ ਅੱਗੇ ਠਿੰਗੜਾ, ਵੇਖ ਪਰਣੇਂਦਾ ਕਾਜ। 48 ।

ਓਨ੍ਹਾਂ ਲਾਈ ਆਹੀ ਸੁਖ ਨੂੰ, ਦੁਖਾਂ ਕਸਿ ਕਮਾਨ।
ਅਤੇ ਡੇਢ ਕਿਆਨੇ ਸੁਟਿਆ, ਰਿਹਾ ਦਿਲ ਅਰਮਾਨ।
ਜਿਵੇਂ ਸ਼ੇਰ ਪਵੇ ਵਿਚ ਬਾਂਦਰਾਂ, ਚਲੇ ਨਹੀਂ ਜਨ ਜਾਨਿ।
ਉਹ ਚਿਥੇ ਉਸ ਮੁੰਨਿਆ, ਦੋਹਾਂ ਇਕੋ ਹਾਨ।
ਜਾਂ ਹਸਨ ਹੁਸੈਨ ਨਬੀ ਦੇ ਕੁੱਠੇ ਕਰਬਲਾ ਵਿਚ ਯਮਰਾਨ।
ਯਾ ਮੁਸੱਲਮ ਦੇ ਫਰਜੰਦ ਦੋ, ਜ਼ਬ੍ਹਾ ਕੀਤੇ ਹਾਰ ਬੇਈਮਾਨ। 49 ।

ਏਹ ਪਰ ਨਿਉਂਦਾ ਮੌਤ ਦਾ, ਹੋਇਆ ਸ਼ਾਦੀ ਦੇਖ ਨਿਕਾਹ।
ਜੋ ਕੁਛ ਚਾਹੇ ਸੋ ਕਰੇ, ਬੇਪਰਵਾਹ ਖ਼ੁਦਾਇ।
ਸਾਹਿਬਾਂ ਪੱਟ ਪੱਟ ਸੱਟੇ ਮੀਂਢੀਆਂ ਹੰਝੂ ਨੀਰ ਵਹਾਇ।
ਅਤੇ ਖਾਰਿਓਂ ਥੰਮਨ ਲਾਈਆ ਤੇਲ ਫੁਲੇਲ ਮਲਾਇ।
ਨਾ ਹੀ ਝੰਡ ਗੁੰਦਾਈਆਂ ਮਾਂਗ ਸੰਧੂਰ ਭਰਾਇ।
ਸਾਨੂੰ ਰਹੀ ਉਮੀਦ ਨਿਕਾਹ ਦੀ, ਨੌਸ਼ਹੁ ਨੂੰ ਅੰਗ ਲਾਇ।
ਮੌਲੀ ਮਹਿੰਦੀ ਸਿਰ ਧੜੀ, ਸਾਡੀ ਸੱਧਰ ਨਾ ਲੱਥੀ ਕਾਇ।
ਪਰ ਮਤ੍ਰੇਰ ਮਾਉਂ ਘਰ, ਜਿਸ ਦਿਤੀ ਅੱਗ ਸੁਲਗਾਇ। 50 ।

ਸਾਹਿਬਾਂ ਫਿਕਰੇ ਜੋੜ ਫਿਰਾਕ ਦੇ, ਵਿਚ ਮਿਰਜ਼ੇ ਦਾ ਨਾਮ ਅਲਾਇ।
ਵੈਣ ਕਰੇ ਵਿਚ ਮੈਹਣੀਆਂ, ਓਨਾ ਸਾਰ ਦੁਸੱਲੂ ਲਾਇ।
ਮੈਹਣੀਆਂ ਸੱਲ ਕਲੇਜੇ ਛੱਲਕੇ, ਗਲ ਵਿਚ ਪਟਕਾ ਪਾਇ।
ਫਾਹੇ ਦਿੱਤੀ ਸਾਹਿਬਾਂ, ਨਾਲ ਵਣਾਂਦੇ ਚਾਇ।
ਅਤੇ ਕਲਮ ਵੁੜੀ ਕਿਸ ਫੇਰਨੀ ਜਾਂ ਲਿਖੀ ਆਪ ਖ਼ੁਦਾਇ।
ਅਲਹਮਦ ਬਜਾਇ ਲਿਆਂਵਦੇ, ਜ਼ਿਦੀ ਰਖੇ ਸ਼ਰਮ ਅੱਲਾਹੁ। 51 ।

ਮੇਟਣਹਾਰਾ ਕੌਣ ਹੈ ਜਾ, ਲਿਖੀ ਆਪ ਗੁਫਾਰ।
ਏਹ ਪਾਕ ਕਹਾਣੀ ਇਸ਼ਕ ਦੀ, ਰਹੀ ਵਿਚ ਸੰਸਾਰ।
ਵਾਂਗ ਸੱਸੀ ਇਸ਼ਕ ਕਮਾਇਆ, ਜਿੰਦ ਦਿਤੀ ਮਿਰਜ਼ੇ ਨਾਲ।
ਮਰਦੀ ਅੰਗ ਨ ਫੇਰਿਆ ਵਾਂਗ ਪਤੰਗ ਮਿਸਾਲ।
ਏਥੇ ਥੋੜਾ ਕਰਾਂ ਬਿਆਨ ਮੈਂ, ਇਸ਼ਕ ਦੀ ਗੱਲ ਸੁਣਾਇ।
ਇਸ ਇਸ਼ਕ ਨਾ ਪਿਛਾ ਛੋਡਿਆ, ਦਿਤਾ ਗੋਰ ਪੁਚਾਇ।
ਇਸ਼ਕ ਲਗਾ ਤਨ ਹੀਰ ਦੇ, ਮੁਈ ਰੰਝੇਟੇ ਨਾਲ।
ਰਾਂਝੇ ਮੇਹੀਂ ਚਾਰੀਆਂ, ਸੁਣਿਆ ਝੰਗ ਸਿਆਲ।
ਸੋਹਣੀ ਮੋਈ ਵਿਚ ਨੈਂ ਦੇ, ਏਸ ਇਸ਼ਕੇ ਦੀ ਲਜ ਪਾਲ।
ਮੇਹੀਂਵਾਲ ਜਿੰਦ ਦਿਤੀ ਆ, ਹੋਰ ਦੱਸਾਂ ਕੀ, ਹਾਲ। 52 ।

ਸ਼ਾਬਾਸ ਆਖੋ ਸਾਹਿਬਾਂ, ਅੰਗ ਨਾ ਸੁੱਤੀ ਨਾਲ।
ਆਸ਼ਕ ਸਦਾ ਹਿਆਤੀ ਅਗਲੀ, ਹਾਫ਼ਜ ਆਖ ਸੁਣਾ।
ਸਾਹਿਬਾਂ ਨੂੰ ਢਾਹੀਂ ਰੋਵਣ ਜਾਨਵਰ, ਰੋਵਣ ਨੀਰ ਪਲਟ।
ਖੜਿ ਖਰਲ ਖਲੋਤੇ ਮਾਰਿਆਂ, ਸਾਹਿਬਾਂ ਨੂੰ ਘੜੀ ਨਾ ਖੱਟ। 53 ।

ਸਾਹਿਬਾਂ ਨੂੰ ਮਿਰਜ਼ੇ ਵੰਗਾਰਿਆ, ਕਾਹਨੂੰ ਵੇਖੇਂ ਪਟ।
ਤੂ ਜਾਈ ਮਿਰਜ਼ਾ ਖਾਨ ਮੈਂ, ਖਾਈ ਇਸ਼ਕ ਦੀ ਸੱਟ।

ਕਰਦੇ ਸੌਦੇ ਦਿਲਾਂ ਦੇ ਕਿਉਂ ਆਸ਼ਕ ਥੀਣ ਕਪਟ।
ਸਾਡੀ ਜਿੰਦ ਪਿਆਰੀ ਗਲ ਗਈ, ਅਸਾਂ ਮੂਲ ਨਾ ਜਾਣਾ ਵੱਤ।
ਤੂੰ ਦੇਖ ਤੂਫਾਨ ਕੀ ਕੀਤਾ, ਉਸ ਖੀਵੇ ਦੇ ਸਿਰ ਘਤ।
ਜੋ ਜ਼ੁਲਮ ਨਾ ਡਿਠਾ ਆਸ਼ਕਾਂ, ਅਸਾਂ ਡਿਠਾ ਇਕਸੇ ਝਟ।
ਸਾਨੂੰ ਨਾ ਦਰੂਦ ਨਾ ਫਾਤਿਆ, ਨਾ ਗੋਰੀਂ ਦਿਤਾ ਘੱਤ।

ਕੁਝ ਖਬਰ ਨਾ ਮੂਲੇ ਖਾਨਿਆਂ ਅਤੇ ਦਾਨ ਨਾ ਦਿੱਤਾ ਭੱਟ। 54 ।

ਏਹ ਇਸ਼ਕ ਦੇ ਅਖਾੜੇ ਦਿਨ ਦਿਨ ਕਰੰਗ ਲਵੰਨ।
ਅਲਾਉਨ ਬਧੇ ਸੰਮਲੇ, ਤਿੱਤਰ ਵੈਣ ਕਰੰਨ।
ਤੋਤਿਆਂ ਮੈਨਾਂ ਕੂਹੀਆਂ ਚੁੰਜੂ ਲਾਲ ਵਸੰਨ।
ਅਤੇ ਛਾਤੀ ਕੋਹੀ ਤਿਲੀਅਰਾਂ, ਹੰਝੂ ਨੀਰ ਪਵੰਨ।
ਆਸ਼ਕਾਂ ਦਾ ਮਾਤਮ ਕੀਤਾ, ਪੰਖੇਰੂਆਂ, ਕਲੇ ਪਏ ਰੁਵੰਨ।
ਅਤੇ ਨੀਲਾ ਵੇਸ ਬਨਾਇਅਨ ਥਰ ਥਰ ਪਏ ਕੰਬੰਨ।
ਕਰ ਤੁਰਿਆ ਸਾਤਾ ਪੰਖਣੂੰ, ਰੋ ਰੋ ਵਿਦਾ ਥੀਵੰਨ।
ਪਰ ਓਹ ਕਾਗ ਜੋ ਆਹੀ ਸਤਜੁਗੀ, ਹੰਝੂ ਹਾਰ ਪਵੰਨ। 55 ।

ਓਹ ਕਹਨੇ ਥੀਂ ਸਤਜੁਗੀ ਛਡਿਆ ਸਭਨਾ ਗਾਉਂ।
ਸੰਦਲ ਬਾਰ ਦਾ ਚਲਿਆ, ਪਹਲੇ ਬਾਰ ਝਨਾਂਉ।
ਵਤ ਦੂਰੋਂ ਪੁੱਛ ਵਲੀ ਥੀਂ, ਪੀਲੂ ਦਾ ਖਾਸ ਗਿਰਾਉਂ।
ਵੈਂਦਾ ਆਇਆ ਕਹੀਂ ਤੇ, ਲੈ ਕੇ ਪੀਲੂ ਨਾ ਨਾਉਂ।
ਉਸ ਦਰ 'ਤੇ ਆ ਪੁਕਾਰਿਆ 'ਮੀਆਂ' ਲੈ ਕਰ ਨਾਉਂ।
ਅਸੀਂ ਮੋਮਨ ਸਾੜੇ ਢਿੰਗਰੀ, ਕੀਤਾ ਇਸ਼ਕ ਅਨਿਆਉਂ। 56 ।

ਹਾਫਜ਼ ਜੋ ਸਿਰ ਮਿਰਜ਼ੇ ਵਰਤਿਆ ਸਾਹਿਬਾਂ ਡਿਠੀ ਇਸ਼ਕ ਮੁਰਾਦ।
ਸੋ ਪੀਲੂ ਸਮਝਿਆ ਸਭ ਕਾਰਨੇ, ਜਾਂ ਕੀਤੀ ਕਾਗ ਫਰਹਾਦ।
ਮੋਯਾ ਗਿਆਂ ਦੇ ਸੁਖਨ ਨੂੰ ਅਕਾਲ ਦੇਂਦੇ ਦਾਦ।
ਪਰ ਮੋਏ ਗਏ ਹਾਫ਼ਜਾ ਹੁਣ ਨਾ ਕਿਸੇ ਨੂੰ ਯਾਦ।
ਮੈਨੂੰ ਪਰਬਤੋਂ ਭੇਜਿਆ ਸਾਹਿਬਾਂ, ਦੇ ਤੁਸਾਡਾ ਨਾਉਂ।
ਆਸ਼ਕਾਂ ਨੂੰ ਮੌਤੋਂ ਨਾਹੀਂ ਮੇਹਣਾ, ਪਰ ਦੱਸੀ ਕੋਈ ਨਾ ਥਾਉਂ। 57 ।

ਪੀਲੂ ਜਾਂ ਸੀਨਾ ਤੇਗਾਂ ਪਾੜ ਕੇ ਮੀਤ ਕੀਤਾ ਬਰਬਾਦ।
ਪੀਲੂ ਦੇ ਕਾਹ ਵਿਗਾੜੀ ਗੈਰ ਥੋਂ, ਤਾਂ ਕੀਤਾ ਇਹ ਬਰਬਾਦ।
ਹੁਣ ਸਾਹਿਬਾਂ ਦਾ ਰੂਹ ਪੀਲੂ ਦੀ ਗੋਰ ਤੇ, ਰੋਂਦਾ ਨੀਰ ਪਲਟ।
ਪੀਲੂ ਮੁਨਸਫ ਗਏ ਜਹਾਨ ਥੋਂ, ਮੈਂ ਸਤਿਆ ਪਿਆ ਕੁਸਤ।
ਕਦੀ ਰਲ ਮਿਲ ਹਾਫਜ਼ ਨੂੰ ਆਖਿਓ, ਜਗ ਵਿਚ ਨੇਕੀ ਖੱਟ।
ਸਾਡੇ ਕਹਿ ਵਿਗਾੜ ਹੈ ਸ਼ਾਇਰਾਂ, ਜੋ ਜੋੜੇ ਕਿਤ ਭੱਟ।

ਨਾ ਸਾਨੂੰ ਦੇਸੀ ਕੋਈ ਦਿਲਬਰੀ, ਮੈ ਨਾ ਪੁਛਾਂ ਸਟ।
ਉਸ ਡਾਂਗ ਮੋਢੇ 'ਤੇ ਧਰ ਕੇ, ਇਸ ਨੂੰ ਮਾਰੀ ਤੁਰਤ। 58।

ਜਿਵੇਂ ਦਰ ਤੇ ਜਾਇ ਪੁਕਾਰਿਆ, ਪੀਲੂ ਗਾਵਿਆ ਸੀ ਗਾ।
ਅਤੇ ਗੱਲਾਂ ਡੂੰਮਾਂ ਦੀਆਂ ਸੁਣ ਕੇ, ਸੋ ਹੋਇਆ ਜਗ ਗਵਾਹ।
ਜਾ ਰੁੰਨਾ ਪੀਲੂ ਦੀ ਗੋਰ ਤੇ, ਬਾਣਾ ਬਤਰ ਸਿਆਹ।
ਪੀਲੂ ਮੂੰਹ ਚੜ੍ਹ ਬੋਲਿਆ, ਕਾਗਾ! ਤੂੰ ਮੁਸਲਮਾਨੀ ਜਾ।
ਉਥੇ ਹਾਫਜ਼ ਬਰਖ਼ੁਰਦਾਰ ਨੂੰ, ਰਲ ਮਿਲ ਪੈਰੀਂ ਪਾਹ।
ਓਹ ਕਰੰਗੁ ਲਪੇਟੇ ਹੱਕ ਦਾ, ਤੇ ਦੇਖੇ ਆਪ ਅੱਲਾਹ। 59 ।

ਜੱਗ ਵੈਰੀ ਹੋਇਆ ਜੱਟ ਦਾ, ਪਰ ਹਾਫਜ਼ ਕਹੇ ਸਵਾਰ।
ਜੋ ਦੁਸ਼ਮਣ ਹੋਂਦੇ ਆਸ਼ਕਾਂ, ਲਾਨ੍ਹਤ ਤਿਨ੍ਹਾਂ ਹਜ਼ਾਰ।
ਯਾਰੋ! ਖੰਡੇ ਦੀ ਧਾਰ ਤੇ, ਬੰਨ੍ਹ ਰਖਣ ਖਰਾ ਮੁਹਾਲ।
ਹਾਫ਼ਜ਼ ਜਾਂ ਚਸ਼ਮਾਂ ਹੋਵਣ ਚਾਰ ਨਾ ਕੁਛ ਖੌਫ ਜਵਾਲ।
ਅਸਾਂ ਨੋ ਸਮਝ ਨਾ ਸਕਿਆ ਡਰ ਕੇ ਮੇਹੀਂਵਾਲ।
ਪਰ ਸੌ ਸੌ ਵਾਰੀ ਢੂੰਡਿਆ ਜਿਧਰ ਖਰਲ ਸਿਆਲ। 60 ।

ਯਾਰੋ! ਪੀਲੂ ਨਾਲ ਬਰਾਬਰੀ ਸ਼ਾਇਰ ਭੁੱਲ ਕਰੇਨਿ।
ਜਿਸ ਨੂੰ ਪੰਜਾਂ ਪੀਰਾਂ ਦੀ ਥਾਪਨਾ, ਕੰਧੀਂ ਦਸਤ ਧਰੇਨਿ।
ਵਤ ਨਜ਼ਰ ਆਵੇ ਓਹ ਖਿਜ਼ਰ ਵੀ, ਓਨੂੰ ਮੱਦਤ ਮਲਕ ਕਰੇਨ।
ਗੈਬੀ ਦੇਸੀਂ ਸੂਰਤਾਂ, ਗੈਬੀ ਥਾਨ ਦਿਸੇਨ।
ਪਰ ਕਲਮ ਵੁੜੀ ਤਕਦੀਰ ਦੀ, ਬੰਦੇ ਕੌਣ ਫਿਰੇਨ।
ਤੋੜੇ ਕਾਜ਼ੀ ਲਿਖੇ ਰਵਾਇਤਾਂ, ਮੁਫਤੀ ਫ਼ਤਵਾ ਦੇਣ। 61 ।

*****